JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਡਾ. ਬਲਬੀਰ ਸਿੰਘ ਦੀ ਸਿਧਾਂਤਿਕ ਸੂਝ–ਬੂਝ ਦੇ ਚਮਤਕਾਰ

**ਡਾ. ਕੁਲਵਿੰਦਰ ਸਿੰਘ.**
ਸਹਾਇਕ ਪ੍ਰੋਫੈਸਰ,
ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ
ਈਮੇਲ : ksdughat81@gmail.com

ਸਿੱਖ ਵਿਆਖਿਆਕਾਰੀ ਦੇ ਖੇਤਰ ਵਿਚ ਡਾ. ਬਲਬੀਰ ਸਿੰਘ ਨੂੰ ਇਕ ਸਥਾਪਿਤ ਵਿਆਖਿਆਕਾਰ ਵਜੋਂ ਸਨਮਾਨ ਪ੍ਰਾਪਤ ਹੈ। ਉਨ੍ਹਾਂ ਦੀ ਸਿਧਾਂਤਿਕ ਸੂਝ-ਬੂਝ ਤਾਂ ਕਮਾਲ ਦੀ ਹੈ ਹੀ, ਪਰ ਵਿਆਖਿਆ ਤਾਂ ਕਹਿਣ-ਕਥਨ ਤੋਂ ਬਾਹਰੀ ਹੈ। ਜਿਸ ਕਿਸੇ ਨੇ ਉਨ੍ਹਾਂ ਦੀਆਂ ਲਿਖਤਾਂ ਦਾ ਅਧਿਐਨ ਕੀਤਾ ਹੋਵੇਗਾ, ਨਿਸ਼ਚਿਤ ਤੌਰ ਤੇ ਉਸ ਨੂੰ ਵਿਆਖਿਆ ਦੇ ਖੇਤਰ ਵਿਚ ਵਡੇ ਚਮਤਕਾਰਾਂ ਦੇ ਦਰਸ਼ਨ ਹੋਏ ਹੋਣਗੇ। 'ਵਿਆਖਿਆ ਦੇ ਕੋਈ ਹੱਦਾਂ-ਬੰਨੇ ਨਹੀਂ ਹੁੰਦੇ' ਇਹ ਕਥਨ ਠੀਕ ਹੈ, ਪਰ ਜਿਥੇ ਤਕ ਡਾ. ਬਲਬੀਰ ਸਿੰਘ ਪਹੁੰਚਦਾ ਹੈ, ਆਮ ਵਿਅਕਤੀ ਲਈ ਉਥੇ ਪਹੁੰਚਣਾ ਅਸੰਭਵ ਹੈ, ਹਾਂ ਉਨ੍ਹਾਂ ਦੀਆਂ ਲਿਖਤਾਂ ਨਾਲ ਵਿਅਕਤੀ ਬਹੁਤ ਦੂਰ ਤਕ ਦੀ ਸੈਰ ਜ਼ਰੂਰ ਕਰ ਸਕਦਾ ਹੈ। ਡਾ. ਬਲਬੀਰ ਸਿੰਘ ਦੀ ਵਿਆਖਿਆਕਾਰੀ ਜ਼ਰੂਰ ਗੂੜ੍ਹ ਹੈ, ਪਰ ਭਾਸ਼ਾ ਨਹੀਂ, ਜਿਵੇਂ ਕਿ ਅੱਜ-ਕਲ੍ਹ ਫੋਕੀ ਵਿਦਵਤਾ ਵਿਖਾਉਣ ਲਈ ਸ਼ਬਦ-ਜਾਲ੍ਹ ਬੁਣੇ ਜਾਂਦੇ ਹਨ। ਉਨ੍ਹਾਂ ਦੁਆਰਾ ਕੀਤੀ ਵਿਆਖਿਆ ਦਾ ਸਵਾਦ ਕਦੇ ਫਿਕਾ ਨਹੀਂ ਪੈਂਦਾ, ਜਿੰਨੀ ਵਾਰ ਪੜ੍ਹੋ ਹੋਰ ਸਵਾਦਲੀ ਲਗੇਗੀ। ਸੰਸਾਰ ਦੀਆਂ ਘਟਨਾਵਾਂ ਨੂੰ ਉਹ ਕਿਵੇਂ ਜੋੜ-ਜੋੜ ਕੇ ਵਿਆਖਿਆ ਕਰਦੇ ਹਨ ? ਕਿਵੇਂ ਭੂਤਕਾਲ ਨੂੰ ਵਰਤਮਾਨ ਵਿਚ ਖੜਾ ਕਰ ਲੈਂਦੇ ਹਨ ? ਕਿਵੇਂ ਸਾਖੀਆਂ ਵਿਚ ਸਿਧਾਂਤਾਂ ਨੂੰ ਸੰਮਲਿਤ ਕਰ ਦਿੰਦੇ ਹਨ ? ਕਿਵੇਂ ਸਾਖੀਆਂ ਵਿਚੋਂ ਸਿਧਾਂਤਾਂ ਨੂੰ ਨਿਖੇੜ ਦਿੰਦੇ ਹਨ ? ਕਮਾਲ ਹੈ। ਜਦੋਂ ਮੈਂ ਉਨ੍ਹਾਂ ਬਾਰੇ ਕੁਝ ਲਿਖਣ ਲਈ ਉਨ੍ਹਾਂ ਦੇ ਕੁਝ ਲੇਖ ਪੜ੍ਹੇ ਤਾਂ ਦਿਲ ਕੀਤਾ ਕਿ ਲਿਖਣ ਦੀ ਜ਼ਰੂਰਤ ਨਹੀਂ, ਸਗੋਂ ਜ਼ਰੂਰਤ ਹੈ ਹੋਕਾ ਦੇਣ ਦੀ ਕਿ 'ਆਪ ਪੜ੍ਹੋ'। ਮੈਂ ਕੀ ਦਸਾਂ, ਕਿ ਉਨ੍ਹਾਂ ਨੇ ਕੀ ਕੀ ਚਮਤਕਾਰ ਕੀਤੇ ਹਨ ? ਵਿਆਖਿਆਕਾਰੀ ਦੇ ਖੇਤਰ ਵਿਚ ਉਨ੍ਹਾਂ ਨੇ ਜੋ ਮਾਰਕੇ ਮਾਰੇ, ਉਹ ਤਾਂ ਪੜ੍ਹਿਆ ਹੀ ਪਤਾ ਲਗ ਸਕਦੇ ਹਨ, ਫਿਰ ਵੀ ਨਮੂਨੇ ਵਜੋਂ ਕੁਝੇਕ ਦਾ ਵਰਣਨ ਮੈਂ ਇਸ ਲੇਖ ਵਿਚ ਕਰਨ ਦਾ ਯਤਨ ਕੀਤਾ ਹੈ। ਇਸ ਯਤਨ ਤਹਿਤ ਮੈਂ ਉਨ੍ਹਾਂ ਦੇ ਪੰਜ ਲੇਖਾਂ (ਆਦਰਸ਼ ਦੀ ਸ਼ਕਤੀ, ਸੱਚ ਦੀ ਸੂਰਤ, ਸ਼ੁਧ ਸਰੂਪ, ਕਾਠ ਦੀ ਘੋੜੀ ਤੇ ਆਬਦਾਰ ਮੋਤੀ) ਵਿਚੋਂ ਹੀ ਕੁਝ ਅੰਸ਼ ਪ੍ਰਸਤੁਤ ਕਰ ਰਿਹਾ ਹਾਂ ਅਤੇ ਕੋਸ਼ਿਸ਼ ਹੈ ਕਿ ਬਹੁਤੀ ਗੱਲ ਡਾ. ਬਲਬੀਰ ਸਿੰਘ ਦੇ ਆਪਣੇ ਸ਼ਬਦਾਂ ਰਾਹੀਂ ਹੀ ਕਹੀ ਜਾਵੇ।

ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਦੇ ਲੇਖ **'ਆਦਰਸ਼ ਦੀ ਸ਼ਕਤੀ'** ਬਾਰੇ ਵਿਚਾਰ ਕਰਦੇ ਹਾਂ। ਇਸ ਲੇਖ ਵਿਚ ਡਾ. ਸਾਹਿਬ ਨੇ ਆਦਰਸ਼ ਵਿਚੋਂ ਪੈਦਾ ਹੋਣ ਵਾਲੀ ਸ਼ਕਤੀ ਦੇ ਭੇਦ ਨੂੰ ਉਜ਼ਾਗਰ ਕੀਤਾ ਹੈ। ਸ਼ਕਤੀ ਨੂੰ ਉਹ ਚਾਰ ਕਿਸਮ ਦੀ ਮੰਨਦੇ ਹਨ- 1. ਯੰਤਰ ਸ਼ਕਤੀ (ਭਾਵ ਮਸ਼ੀਨਾਂ ਦੀ ਤਾਕਤ), 2. ਡੌਲਿਆਂ ਦੀ ਤਾਕਤ 'ਤੰਤ੍ਰ ਸ਼ਕਤੀ', 3. ਮਨ ਦੀ ਤਾਕਤ 'ਮੰਤ੍ਰ ਸ਼ਕਤੀ' ਅਤੇ 4. ਚਿਤ ਦੀ ਤਾਕਤ ਜੋ ਪ੍ਰਕਾਸ਼ ਮਈ ਤੇ ਜੋਤ ਸਰੂਪ ਹੈ। ਪਹਿਲੀਆਂ ਦੋ ਸ਼ਕਤੀਆਂ ਨੂੰ ਉਹ ਅੰਨ੍ਹੀਆਂ ਤਾਕਤਾਂ ਮੰਨਦੇ ਹਨ ਅਤੇ ਇਨ੍ਹਾਂ ਬਾਰੇ ਲਿਖਦੇ ਹਨ, "ਜਿਨ੍ਹਾਂ ਨੇ ਨਿਰੀ ਯੰਤਰ ਸ਼ਕਤੀ ਪੈਦਾ ਕਰ ਲਈ, ਉਹਨਾਂ ਦੇ ਹੱਥ ਵਿਚ ਤਬਾਹੀ ਦੇ ਹਥਿਆਰ ਆ ਗਏ, ਉਹਨਾਂ ਨੇ ਪਰਸਪਰ ਘਾਤ ਦੀਆਂ ਨਵੀਆਂ ਕਾਢਾਂ ਕੱਢ ਲੀਤੀਆਂ, ਖ਼ੂਨ ਖ਼ਰਾਬੇ ਦੇ ਨਵੇਂ ਜੋੜ, ਤੋੜ, ਨਵੇਂ ਢੁੱਚਰ, ਨਵੇਂ ਪਾਜ ਪੈਦਾ ਕਰ ਲੀਤੇ। ਅੰਨ੍ਹੀ ਸ਼ਕਤੀ ਜਿਸ ਵੇਲੇ ਆਪਣੇ ਕਾਰਜ ਰੂਪ ਵਿਚ ਵਿਚਰਦੀ ਹੈ ਤਾਂ ਦੁਨੀਆਂ ਵਿਚ ਹਾਹਾਕਾਰ ਮਚ ਜਾਂਦੀ ਹੈ।"[1] ਇਨ੍ਹਾਂ ਅੰਨ੍ਹੀਆਂ ਤਾਕਤਾਂ ਦੇ ਨੁਕਸਾਨ ਬਾਰੇ ਉਹ ਲਿਖਦੇ ਹਨ ਕਿ ਇਸਦਾ ਨੁਕਸਾਨ ਕੇਵਲ ਸੰਸਾਰਿਕ ਤਬਾਹੀ ਦੇ ਖੇਤਰ ਵਿਚ ਹੀ ਨਹੀਂ ਹੋਇਆ, ਸਗੋਂ ਇਸ ਨੇ ਧਰਮ ਦਾ ਵੀ ਬਹੁਤ ਨੁਕਸਾਨ ਕੀਤਾ ਹੈ, "ਜਦੋਂ ਜੰਤ੍ਰ ਤੇ ਤੰਤ੍ਰ ਸ਼ਕਤੀ ਵਾਲਿਆਂ ਦੁਨੀਆਂ ਨੂੰ ਤੰਗ ਕਰ ਮਾਰਿਆ ਤਾਂ ਸਾਧਾਰਣ ਪੁਰਸ਼ਾਂ ਵਿਚ ਸ਼ਕਤੀ ਵਲੋਂ ਘ੍ਰਿਣਾ ਸ਼ੁਰੂ ਹੋਈ, ਜਿਸ ਦੇ ਨਤੀਜੇ ਬਹੁਤ

[1] ਬਲਬੀਰ ਸਿੰਘ, ਡਾ., *ਕਲਮ ਦੀ ਕਰਾਮਾਤ*, 'ਆਦਰਸ਼ ਦੀ ਸ਼ਕਤੀ', ਖਾਲਸਾ ਸਮਾਚਾਰ ਹਾਲ ਬਾਜ਼ਾਰ, ਅੰਮ੍ਰਿਤਸਰ, ਜੁਲਾਈ 1957, ਪੰਨਾ 138.

ਬੁਰੇ ਨਿਕਲੇ। ਚੰਗੇ ਮਨੁੱਖ ਸ਼ਕਤੀ ਹੀਨ ਹੋ ਗਏ ਤੇ ਫੇਰ ਸ਼ਕਤੀ ਰਹਿਤ ਲੋਕਾਂ ਨੇ ਮਜ਼ਹਬ ਨੂੰ ਵੀ ਖ਼ਰਾਬ ਕੀਤਾ। ਇਹ ਤੇਜਹੀਨ ਪੁਰਸ਼ ਖਾਣ ਪੀਣ ਦੇ ਪ੍ਰਹੇਜ਼ ਵਿਚ, ਹਿੰਸਾ ਅਹਿੰਸਾ ਦੇ ਵਿਤ੍ਰੇਕ ਵਿਚ ਗ਼ਰਕ ਹੋ ਗਏ। ਧਰਮ ਦੀ ਸਾਰੀ ਪਧਤਿ ਨਿਰਅਰਥਕ ਵਿਚਾਰਾਂ ਵਿਚ ਗੁੰਮ ਹੋ ਗਈ। ਐਸੇ ਗਿਰੇ ਹੋਏ ਲੋਕਾਂ ਨੂੰ ਜੇ ਫੇਰ ਸ਼ਕਤੀ ਦਾ ਖਿਆਲ ਆਇਆ ਤਾਂ ਵੀ ਉਨ੍ਹਾਂ ਆਪਣਾ ਉਧਾਰ ਸ਼ਕਤੀ ਨੂੰ ਧਾਰਨ ਕਰਕੇ ਨਹੀਂ ਕੀਤਾ, ਬਲਕਿ ਸ਼ਕਤੀ ਨੂੰ ਵਹਿਮ ਦੀ ਕਾਲੀ ਦੇਵੀ ਬਣਾਕੇ ਉਸ ਦੀ ਪੂਜਾ ਵਿਚ ਗ਼ਰਕ ਹੋ ਗਏ।"[2] ਡਾ. ਸਾਹਿਬ ਸ਼ਕਤੀ ਦੀ ਪੂਜਾ ਨੂੰ ਠੀਕ ਰਸਤਾ ਨਹੀਂ ਮੰਨਦੇ, ਉਨ੍ਹਾਂ ਅਨੁਸਾਰ, ਸ਼ਕਤੀ ਦੀ ਪੂਜਾ ਹੋਰ ਚੀਜ਼ ਹੈ ਤੇ ਸ਼ਕਤੀ ਦਾ ਅੰਦਰ ਉਦੈ ਹੋਣਾ ਹੋਰ ਅਵਸਥਾ। ਇਸ ਲਈ ਮਨੁਖ ਨੂੰ ਲੋੜ ਹੈ ਸ਼ਕਤੀਵਾਨ ਹੋਣ ਦੀ ਨਾ ਕਿ ਸ਼ਕਤੀ ਪੂਜ ਬਣਨ ਦੀ। ਸ਼ਕਤੀਵਾਨ ਹੋਣ ਨਾਲ ਮਨੁਖ ਦੀ ਦ੍ਰਿਸ਼ਟੀ ਬਦਲਦੀ ਹੈ, ਸਮਝ ਬਦਲਦੀ ਹੈ। ਉਹ ਦੁਖ ਜਾਂ ਸੁਖ ਦੀ ਚੋਣ ਵਿਚ ਨਹੀਂ ਪੈਂਦਾ, ਉਹ ਚੋਣ ਕਰਦਾ ਹੈ ਬੁਰੇ ਜਾਂ ਭਲੇ ਵਿਚੋਂ ਭਲੇ ਦੀ, ਚਾਹੇ ਭਲੇ ਵਾਲਾ ਮਾਰਗ ਦੁਖਦਾਈ ਹੀ ਕਿਉਂ ਨਾ ਹੋਵੇ। ਉਹ ਬੁਰੀ ਚੀਜ਼ ਦਾ ਤਿਆਗ ਕਰਦਾ ਹੈ, ਚਾਹੇ ਉਹ ਸੁਖਦਾਈ ਹੀ ਕਿਉਂ ਨਾ ਹੋਵੇ। ਅਗੇ ਤੀਸਰੀ ਸ਼ਕਤੀ 'ਮੰਤ੍ਰ ਸ਼ਕਤੀ' ਨੂੰ ਉਹ ਪਹਿਲੀਆਂ ਦੋਵਾਂ ਤੋਂ ਸ੍ਰੇਸ਼ਟ ਮੰਨਦੇ ਹਨ, ਪਰ ਸਰਵ-ਸ੍ਰੇਸ਼ਟ ਨਹੀਂ ਕਿਉਂਕਿ ਇਸ ਨੂੰ ਅੱਖਾਂ ਤਾਂ ਲਗੀਆਂ ਹਨ, ਪਰ ਅਜੇ ਦੀਵਾ ਨਹੀਂ ਮਿਲਿਆ। ਰੋਸ਼ਨੀ ਬਿਨਾ ਅੱਖਾਂ ਕਿਸ ਕੰਮ ਦੀਆਂ। ਸੋ ਮੰਜ਼ਿਲ ਹੈ 'ਪ੍ਰਕਾਸ਼ ਸਰੂਪ' ਸ਼ਕਤੀ ਦੀ। ਗੁਰੂ ਤੇਗ ਬਹਾਦਰ ਜੀ ਵੀ ਇਸੇ ਬਲ ਦੇ ਛੁਟਣ 'ਤੇ ਪੈਦਾ ਹੋਣ ਦੇ ਨਤੀਜਿਆਂ ਦਾ ਜ਼ਿਕਰ ਬਾਣੀ ਵਿਚ ਕਰਦੇ ਹਨ-

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥**
**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥ 53 ॥**
**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥ 54 ॥**[3]

ਮਨ ਨੂੰ ਹਰ ਕੋਈ ਵਸ ਕਰਨਾ ਚਾਹੁੰਦਾ ਹੈ, ਪਰ ਇਹ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਹੈ। ਇਸ ਨੂੰ ਵਸ ਕਰਨ ਦੇ ਲਈ ਮਨੁਖ ਨੇ ਬਹੁਤ ਤਰ੍ਹਾਂ ਦੀ ਵਿਧੀਆਂ ਬਣਾਈਆਂ, ਅਪਣਾਈਆਂ ਅਤੇ ਇਨ੍ਹਾਂ ਵਿਚ ਹੀ ਪੂਰਾ ਜੀਵਨ ਬਤੀਤ ਕਰ ਛਡਿਆ। ਇਸੇ ਲਈ ਗੁਰਮਤਿ ਸਿਧਾਂਤ ਦੇ ਅਨੁਸਾਰੀ ਹੁੰਦਿਆਂ ਡਾ. ਸਾਹਿਬ ਨੇ ਮਨ ਦੀ ਸ਼ਕਤੀ ਹਾਸਿਲ ਕਰਨ ਲਈ ਹਠ ਯੋਗ ਆਦਿਕ ਸਾਰੇ ਯਤਨਾਂ ਨੂੰ ਨਿਰਾਰਥਕ ਦਸਿਆ ਹੈ। ਉਹ ਮਨ ਦੀ ਤੁਲਨਾ ਇਕ ਘੋੜੇ ਨਾਲ ਕਰਦਿਆਂ ਲਿਖਦੇ ਹਨ ਕਿ ਲੋੜ ਤਾਂ ਸਿਰਫ਼ ਇਸ ਗੱਲ ਦੀ ਸੀ ਕਿ ਅੜੀਅਲ ਘੋੜੇ ਨੂੰ ਸਰਲ ਕਿਵੇਂ ਕੀਤਾ ਜਾਵੇ ? ਪਰ ਯਤਨ ਸ਼ੁਰੂ ਹੋ ਗਏ ਇਸ ਨੂੰ ਇਕ ਥਾਂ ਰੋਕ ਕੇ ਰੱਖਣ ਦੇ। ਮਨ ਰੂਪੀ ਘੋੜੇ ਨੂੰ ਇਕ ਥਾਂ ਰੋਕ ਕੇ ਰੱਖਣਾ ਇਤਨਾ ਆਸਾਨ ਨਹੀਂ ਹੈ, ਕਿਉਂਕਿ ਇਹ ਘੋੜਾ ਇਕ ਥਾਂ ਖੜਾ ਵੀ ਪਛੰਡੇ ਮਾਰਦਾ ਰਹਿੰਦਾ ਹੈ। ਮਨ ਨੂੰ ਸਰਲ ਕਰਨ ਬਾਰੇ ਉਹ ਲਿਖਦੇ ਹਨ ਕਿ ਇਕ ਸੁਚੇਤ ਤੇ ਸਾਵਧਾਨ ਸਵਾਰ ਵਾਂਗ ਮਨ ਨੂੰ ਦੌੜਾਉਣ ਦੀ ਲੋੜ ਹੈ, ਕਿਉਂਕਿ ਸਾਵਧਾਨਤਾ ਵਿਚੋਂ ਹੀ ਦ੍ਰਿੜਤਾ ਪੈਦਾ ਹੁੰਦੀ ਹੈ ਅਤੇ ਦ੍ਰਿੜਤਾ ਹੀ ਇਕਾਗ੍ਰਤਾ ਵਿਚ ਪਲਟਾ ਖਾਂਦੀ ਹੈ, "ਸਾਵਧਾਨ ਏਕਾਗਰ ਚੀਤ"।

ਏਕਾਗਰ ਚੀਤ ਵਡੀ ਮੰਜ਼ਿਲ ਹੈ, ਜਿਸ ਲਈ ਅਨੇਕ-ਭਾਂਤੀ ਮਨੁਖੀ ਯਤਨ ਲਗਾਤਾਰ ਜਾਰੀ ਹਨ। ਮੰਜ਼ਿਲ ਤਕ ਪਹੁੰਚਣ ਲਈ ਵਿਅਕਤੀ ਵਲੋਂ ਜੋ ਯਤਨ ਕੀਤੇ ਜਾਂਦੇ ਹਨ, ਉਹ ਸਿਰਫ਼ ਸਾਧਨ ਹਨ। ਪਰ ਹੁੰਦਾ ਕੀ ਹੈ ਕਿ ਮਨੁਖ ਸਾਧਨਾਂ ਵਿਚ ਹੀ ਫਸ ਜਾਂਦਾ ਹੈ। ਇਸ ਪਖੋਂ ਸੁਚੇਤ ਕਰਦੇ ਡਾ. ਸਾਹਿਬ ਲਿਖਦੇ ਹਨ, "ਸਾਡੇ ਸਾਰੇ ਯਤਨ, ਸਾਡੇ ਸੁਭਾ ਦੇ ਉਲਟ ਹਨ। ਜੇ ਕੇਵਲ ਯਤਨਾਂ ਵਿਚ ਉਮਰ ਲੰਘ ਜਾਏ ਤਾਂ ਯਤਨ ਨਿਸਫਲ ਹੁੰਦੇ ਹਨ ਤੇ ਬੰਦੇ ਦਾ ਕੁਛ ਨਹੀਂ ਬਣਿਆ। ਯਤਨ ਜਿਸ ਵੇਲੇ ਸਫਲ ਹੁੰਦੇ ਹਨ ਤਾਂ ਸੁਭਾ ਨਾਲ ਮਿਲ ਜਾਂਦੇ ਹਨ। ਸੁਭਾ ਵਿਚ ਰਚੇ ਹੋਏ ਯਤਨ ਸੁਭਾ ਰੂਪ ਹੋ ਕੇ ਨਿਰਯਤਨਤਾ ਦੀ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ, ਇਹ ਸਫਲ ਅਵਸਥਾ ਸਹਜ ਪਦ ਹੈ। ਜਿਤਨਾਂ ਚਿਰ ਅਸੀਂ ਯਤਨਾਂ ਵਿਚ ਜਾਂ ਸਾਧਨਾਂ ਵਿਚ ਹਾਂ ਉਤਨਾ ਚਿਰ ਸਾਡਾ ਅੰਦਰਲਾ ਇਕ ਰਣਭੂਮੀ ਬਣਿਆ ਹੋਇਆ ਹੈ। ਅੰਦਰ ਇਕ ਲੜਾਈ ਦਾ ਘਮਸਾਨ ਮਚਿਆ ਹੋਇਆ ਹੈ। ਲੜਾਈ ਸੁਭਾਅ ਤੇ ਯਤਨ ਦੀ ਹੈ। ਏਸ ਲੜਾਈ ਦੇ ਕਾਰਣ ਸਾਧਿਕ ਦੇ ਅੰਦਰ ਸ਼ਾਂਤਿ ਦਾ ਪ੍ਰਭਾਉ ਨਹੀਂ ਹੁੰਦਾ। ਸਾਧਿਕ ਨੂੰ ਲੜਾਈ ਦੇ ਜੋਸ਼ ਵਿਚ ਇਹ ਪਤਾ ਨਹੀਂ ਲਗਦਾ ਕਿ ਫਤਹ ਕਿਸ ਵੇਲੇ ਹੋ ਗਈ। ਲੜਾਈ ਤਾਂ ਏਸ ਗੱਲ ਦੀ ਸੀ ਕਿ ਸੁਭਾ ਬਦਲ ਜਾਏ, ਪਰ ਹੋਇਆ ਕੀ ? ਕਿ ਸੁਭਾ ਲੜਾਈ ਦਾ ਪੈ ਗਿਆ। ਸੁਭਾ ਜਿੱਤ ਗਿਆ, ਸਾਧਿਕ ਹਾਰ ਗਿਆ।"[4] ਅਸੀਂ ਦੇਖਦੇ ਹਾਂ ਕਿ

---
[2] -ਉਹੀ-, ਪੰਨਾ 138-39.
[3] ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਪੰਨਾ 1429.
[4] ਬਲਬੀਰ ਸਿੰਘ, ਡਾ., ਉਹੀ, ਪੰਨਾ 142.

ਬਹੁਤਿਆਂ ਨਾਲ ਅਕਸਰ ਇਹ ਹੀ ਵਾਪਰ ਰਿਹਾ ਹੈ। ਯਤਨਸ਼ੀਲ ਰਹਿਣ ਲਈ ਹੀ ਉਹ ਸੰਘਰਸ਼ਸ਼ੀਲ ਰਹਿੰਦੇ ਹਨ, ਪਰ ਸੁਭਾਅ ਵਿਚ ਬਦਲਾਵ ਨਹੀਂ ਲਿਆ ਸਕਦੇ। ਸੋ ਡਾ. ਸਾਹਿਬ ਇਸ ਪੱਖੋਂ ਸੁਚੇਤ ਕਰਦੇ ਲਿਖਦੇ ਹਨ, "ਜੇ ਯਤਨ ਕਰਦਿਆਂ ਏਸ ਗੱਲ ਦੀ ਸੋਝੀ ਹੋਵੇ ਕਿ ਇਹ ਸਾਧਨ ਕੇਵਲ ਯਤਨ ਹਨ ਕਿਸੇ ਨਿਰਯਤਨਤਾ (ਸਹਿਜ) ਨੂੰ ਪ੍ਰਾਪਤ ਕਰਨ ਵਾਸਤੇ, ਤਾਂ ਮਨੁਖ ਦਾ ਸੁਭਾਉ ਜਲਦੀ ਪਲਟ ਜਾਵੇ। ਯਤਨ ਕੇਵਲ ਸੁਭਾ ਬਦਲਣ ਦੀ ਅਵਸਥਾ ਹੈ।"[5]

ਇਸੇ ਕਰਕੇ ਡਾ. ਸਾਹਿਬ ਤਪਸਿਆ ਸਾਧਨਾਂ ਨਾਲੋਂ 'ਆਦਰਸ਼' ਨੂੰ ਮਨ ਦੀ ਸ਼ਕਤੀ ਪੈਦਾ ਕਰਨ ਲਈ ਢੁਕਵਾਂ ਸਾਧਨ ਮੰਨਦੇ ਹਨ। ਉਹ ਲਿਖਦੇ ਹਨ, "ਸ਼ਕਤੀ ਦਾ ਰਸਤਾ ਮੰਤ੍ਰਾਂ ਦਾ ਰਸਤਾ ਨਹੀਂ, ਇਹ ਪੂਜਾ ਤੇ ਫੋਕੇ ਪਾਠ ਦਾ ਰਸਤਾ ਨਹੀਂ, ਇਹ ਤਪੱਸਿਆ ਤੇ ਕਸ਼ਟਾਂ ਦਾ ਰਸਤਾ ਨਹੀਂ, ਨਾ ਇਹ ਫੋਕੀ ਭਗਤੀ ਦਾ ਰਸਤਾ ਹੈ। ਇਹ ਰਸਤਾ ਹੈ ਆਪਣੇ ਆਪ ਨੂੰ ਆਦਰਸ਼ ਦੇ ਸਰੂਪ ਨਾਲ ਭਰਨ ਦਾ। ਆਦਰਸ਼ ਜਿਸ ਵੇਲੇ ਚਮਤਕਾਰ ਮਾਰਦਾ ਹੈ ਤਾਂ ਕਾਇਰਾਂ ਵਿਚ ਬਹਾਦਰਾਂ ਦੀ ਅਣਖ ਆ ਜਾਂਦੀ ਹੈ। ਆਦਰਸ਼ ਜਿਸ ਵੇਲੇ ਲਿਸ਼ਕਦਾ ਹੈ ਤਾਂ ਹਿਰਦੇ ਬੀਰ ਰਸ ਦੇ ਉਤਸ਼ਾਹ ਨਾਲ ਭਰ ਜਾਂਦੇ ਹਨ।"[6] ਇਕ ਹੋਰ ਥਾਂ ਉਹ ਲਿਖਦੇ ਹਨ, "ਚੰਦ ਚੜ੍ਹਦਾ ਹੈ ਤਾਂ ਸਮੁੰਦਰ ਦੀਆਂ ਛੱਲਾਂ ਉਪਰ ਵਲ ਉਤਾਂਘ ਕਰਦੀਆਂ ਹਨ। ਇਹ ਸ਼ਕਤੀ ਦਾ ਚਮਤਕਾਰ ਆਦਰਸ਼ ਤੋਂ ਉਤਪੰਨ ਹੁੰਦਾ ਹੈ। ਇਹ ਸ਼ਕਤੀ ਸਿੱਖੀ ਦਾ ਮੂਲ ਆਧਾਰ ਹੈ। ਇਹ ਸ਼ਕਤੀ ਸਿੱਖੀ ਦਾ ਆਸਰਾ ਹੈ।"[7]

'ਆਦਰਸ਼' ਕੀ ਹੈ ? ਜੇਕਰ 'ਸਿਖੀ ਆਦਰਸ਼' ਦੀ ਗੱਲ ਕੀਤੀ ਜਾਵੇ ਤਾਂ ਇਸ ਦੀ ਭਾਲ ਸਿਖੀ ਦੇ ਅਸੂਲਾਂ ਵਿਚੋਂ ਹੋਵੇਗੀ, ਕਿਉਂਕਿ ਇਹ ਉਸ ਵਿਚ ਦ੍ਰਿੜ ਹਨ। ਹੋਰ ਸਾਧਨਾਂ ਦੇ ਮੁਕਾਬਲੇ ਡਾ. ਸਾਹਿਬ 'ਆਦਰਸ਼ ਦੀ ਸ਼ਕਤੀ' ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ, "ਇਹ ਓਹ ਅਸੂਲ ਹਨ ਜੋ ਉਸ ਵੇਲੇ ਕੰਮ ਆਏ ਸਨ ਜਦ ਹੋਰ ਸਾਰੇ ਸਾਧਨ ਤੇ ਹੋਰ ਸਾਰੇ ਯਤਨ ਫੇਲ੍ਹ ਹੋ ਗਏ ਸਨ। ਇਹ ਉਹ ਅਸੂਲ ਹਨ ਜਿਨ੍ਹਾਂ ਨਾਲ ਨੀਤੀ (ਫੋਲਟਿਚਿਸ) ਦੀ ਉਲਝੀ ਹੋਈ ਤਾਣੀ ਸੁਲਝ ਗਈ ਸੀ, ਜਿਨ੍ਹਾਂ ਨਾਲ ਵਰਣ ਵਿਵਸਥਾ (ਛਉਸਟ ਸ਼ੇਸਟਏਮ) ਦਾ ਸਮਝੌਤਾ ਹੋ ਗਿਆ ਸੀ। ਇਹ ਉਹ ਅਸੂਲ ਹਨ ਜਿਨ੍ਹਾਂ ਨਾਲ ਵਰਗ (ਸ਼ਣਣ) ਅਵਸਥਾ ਦੀ ਨਿਸ਼ੇਧੀ ਹਟ ਗਈ ਸੀ।"[8]

'ਆਦਰਸ਼' ਤੇ 'ਸ਼ਕਤੀ' ਵਿਚੋਂ ਕੌਣ ਕਿਸ ਦਾ ਉਦੈ ਕਰਤਾ ਹੈ ? ਸੰਬੰਧੀ ਡਾ. ਸਾਹਿਬ ਪੱਛਮੀ ਫਿਲਾਸਫਰ ਨਿਤਸ਼ੇ ਨਾਲ ਅਸਹਿਮਤੀ ਪ੍ਰਗਟ ਕਰਦੇ ਲਿਖਦੇ ਹਨ, "ਨਿਤਸ਼ੇ ਲਈ 'ਸ਼ਕਤੀ ਹੀ ਆਦਰਸ਼' ਹੈ, ਪਰ ਸਾਡੀ 'ਆਦਰਸ਼ ਦੀ ਸ਼ਕਤੀ' ਹੈ। ਦੋਨਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਨਿਤਸ਼ੇ ਲਈ ਮੁਖ ਚੀਜ਼ ਸ਼ਕਤੀ ਹੈ ਤੇ ਇਹੋ ਉਸ ਦਾ ਆਦਰਸ਼ ਹੈ, ਸਾਡੇ ਲਈ ਮੁੱਖ ਚੀਜ਼ ਆਦਰਸ਼ ਹੈ ਜੋ ਸ਼ਕਤੀ ਦਾ ਪ੍ਰਦਾਤਾ ਹੈ। ਜਦੋਂ ਸ਼ਕਤੀ ਆਦਰਸ਼ ਬਣ ਜਾਏ ਤਾਂ ਧਰਮ ਦੀ ਤਾਰ ਢਿੱਲੀ ਪੈ ਜਾਂਦੀ ਹੈ, ਪਰ ਜਦੋਂ ਆਦਰਸ਼ ਸ਼ਕਤੀ ਦਾ ਪੁੰਜ ਹੋਵੇ ਤਾਂ ਧਰਮ ਦੀ ਸਥਾਪਤੀ ਹੁੰਦੀ ਹੈ। ਸ਼ਕਤੀ ਦਾ ਆਦਰਸ਼ 'ਖ਼ੁਦੀ' ਨੂੰ ਪਕਿਆਈ ਦੇਂਦਾ ਹੈ, ਪਰ ਆਦਰਸ਼ ਦੀ ਸ਼ਕਤੀ ਦਾ ਪ੍ਰਵਾਹ ਖ਼ੁਦੀ ਦੇ ਐਨ ਉਲਟ ਹੈ, ਕਿਉਂਕਿ ਆਦਰਸ਼ ਅੰਦਰਵਾਰ ਹਿਲਜੁਲ ਪੈਦਾ ਕਰ ਦੇਂਦਾ ਹੈ, ਜਿਸ ਦੇ ਆਸਰੇ ਅੰਦਰ ਦੇ ਪਰਦੇ ਪਟਦੇ ਹਨ, ਇਹ ਅੰਦਰਲੇ ਖ਼ੁਦੀ ਦੇ ਪਰਦੇ ਹਨ।"[9]

ਇਸੇ ਲੇਖ ਵਿਚ ਡਾ. ਸਾਹਿਬ ਨੇ ਸਿਖੀ ਸਿਧਾਂਤ ਅਨੁਸਾਰ 'ਧੁਰ ਅੰਦਰ' ਕੀ ਹੈ ? ਇਸ ਦੀ ਵਿਆਖਿਆ ਖੰਡੇ ਦੀ ਅਖੰਡਤਾ ਨਾਲ ਮੇਲ ਕੇ ਕੀਤੀ ਹੈ। ਉਹ ਲਿਖਦੇ ਹਨ, "ਖੰਡਾ ਕੀ ਹੈ ? ਖੰਡਾ ਦੋ ਧਾਰਾਂ ਦਾ ਇਕ ਮੁੱਠ ਸੰਗਮ ਹੈ, ਖੰਡਾ ਇਕ ਚਿੰਨ ਹੈ ਜਿਸ ਦੀ ਇਕ ਧਾਰ ਗਜਾਨ ਦੇ ਪ੍ਰਕਾਸ਼ ਦਾ ਠਹਿਰਉ ਹੈ ਤੇ ਦੂਜੀ ਧਾਰ ਵਿਚ ਸ਼ਕਤੀ ਦੇ ਤੇਜ ਦਾ ਲਹਿਰਾਉ ਹੈ। ਖੰਡਾ ਸੰਕੇਤ ਹੈ ਸਿਖੀ ਦੇ ਉਸ ਉਚੇ ਆਸ਼ੇ ਦਾ, ਜਿਸ ਆਸ਼ੇ ਅਨੁਸਾਰ ਸ਼ਕਤੀ ਵਿਚ ਗਜਾਨ ਦੀ ਚੇਤਨਤਾ ਹੈ ਤੇ ਗਜਾਨ ਵਿਚ ਸ਼ਕਤੀ ਦੀ ਚੇਤਨਤਾ ਹੈ। ਇਹ ਚਿਤ ਸ਼ਕਤੀ ਦੇ ਜੋਤ ਸਰੂਪ ਦੀ ਪ੍ਰਗਟ ਮੂਰਤ ਹੈ।"[10] ਖੰਡੇ ਦੇ ਵਿਕਾਸ ਬਾਰੇ ਉਹ ਲਿਖਦੇ ਹਨ, "ਗੁਰੂ ਹਰਿ ਗੋਬਿੰਦ ਜੀ ਵੇਲੇ ਸਿੱਖੀ ਦੀਆਂ ਦੋ ਤਲਵਾਰਾਂ ਸਨ : ਇਕ ਮੀਰੀ ਦੀ ਤਲਵਾਰ ਸੀ, ਦੂਜੀ ਪੀਰੀ ਦੀ ਤਲਵਾਰ ਸੀ। ਇਕ ਤਲਵਾਰ ਸ਼ਕਤੀ ਦਾ ਚਿੰਨ੍ਹ ਸੀ, ਦੂਜੀ ਤਲਵਾਰ ਗਜਾਨ ਦਾ ਸੰਕੇਤ ਸੀ। ਇਹ ਦੋ ਤਲਵਾਰਾਂ ਨੂੰ ਸਫਲ ਵਰਤੋਂ ਵਿਚ ਲੈ ਆਉਣਾ ਇਕ ਵਿਰਲੇ ਸੂਰਮੇ ਦਾ ਕਰਤਬ ਸੀ।...ਇਹ ਆਦਰਸ਼ ਬਹੁਤ ਉਚਾ ਸੀ। ਆਮ ਆਦਮੀਆਂ

[5] -ਉਹੀ-.
[6] -ਉਹੀ, ਪੰਨਾ 143.
[7] -ਉਹੀ-.
[8] -ਉਹੀ, ਪੰਨਾ 145-46.
[9] -ਉਹੀ, ਪੰਨਾ 146-47.
[10] -ਉਹੀ, ਪੰਨਾ 147.

ਦੀ ਬੁੱਧੀ ਇਸ ਆਸ਼ੇ ਤਕ ਪਹੁੰਚ ਨਹੀਂ ਸੀ ਸਕਦੀ। ਗੁਰੂ ਜੀ ਦੇ ਏਸ ਮੀਰੀ ਪੀਰੀ ਦੇ ਤਲਵਾਰੀਏ ਵੇਸ ਨੂੰ ਦੇਖ ਕੇ ਕਈ ਹਿਰਦੇ ਡੋਲ ਗਏ ਸਨ।...ਪਰ ਡੋਲਣ ਵਾਲਿਆਂ ਨੂੰ ਕੀ ਪਤਾ ਸੀ ਕਿ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਹਨ, ਇਹ 'ਦੋ' ਇਕ ਆਰਜ਼ੀ ਗੱਲ ਹੈ। ...ਕੌਣ ਜਾਣਦਾ ਸੀ ਕਿ ਗੁਰੂ ਹਰਿਗੋਬਿੰਦ ਜੀ ਦੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਦੇ ਦ੍ਵੈਤ ਚਿੰਨ੍ਹ ਨੇ ਤਵਾਰੀਖੀ ਵਿਕਾਸ਼ ਵਿਚ ਵਧਕੇ ਉਹਨਾਂ ਦੇ ਆਪਣੇ ਦਸਮੇ ਜਾਮੇ ਦੇ ਫਕੀਰੀ ਖੰਡੇ ਦੀ ਅਦ੍ਵੈਤ ਵਿਚ ਸਮਾ ਜਾਣਾ ਹੈ। ਕੌਣ ਸਮਝਦਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਆਸੇ ਪਾਸੇ ਦੀਆਂ ਕ੍ਰਿਪਾਨਾਂ ਨੇ ਜੁੜਕੇ ਵਿਚਕਾਰ ਇਕ ਖੰਡਾ ਬਣ ਜਾਣਾ ਹੈ ਤੇ ਸਿੱਖੀ ਦਾ ਨਵਾਂ ਜਨਮ ਸੰਸਕਾਰ ਹੋਣਾ ਹੈ ਇਸ ਚੱਕਰਾਕਾਰ ਵਿਚੋਂ।"[11]

ਮੀਰੀ ਪੀਰੀ ਦੇ ਸੁਮੇਲ ਵਾਲਾ ਜੋ ਸਿਖੀ ਸਿਧਾਂਤ ਅਨੁਸਾਰ 'ਧੁਰ ਅੰਦਰ' ਹੈ, ਉਸ ਦਾ ਦਰਸ਼ਨ ਡਾ. ਸਾਹਿਬ ਦੇ ਲੇਖ **'ਸੱਚ ਦੀ ਸੂਰਤ'** ਵਿਚੋਂ ਵੀ ਕੀਤਾ ਜਾ ਸਕਦਾ ਹੈ। ਇਸ ਲੇਖ ਦੀ ਸ਼ੁਰੂਆਤ ਉਹ ਮਹਾਭਾਰਤ ਦੇ ਅੰਤ ਵਿਚ ਲਿਖੇ ਵਿਆਸ ਜੀ ਦੇ ਇਨ੍ਹਾਂ ਬਚਨਾਂ ਨਾਲ ਕਰਦੇ ਹਨ, "ਕਾਮਨਾ ਸੇ, ਲੋਭ ਸੇ ਅਥਵਾ ਪ੍ਰਾਣ ਬਚਾਨੇ ਕੇ ਲਿਯੇ ਭੀ ਧਰਮ ਦਾ ਤਜਾਗ ਨ ਕਰੇਂ, ਧਰਮ ਹੀ ਨਿੱਤ ਹੈ, ਸੁਖ ਦੁਖ ਤੋਂ ਅਨਿੱਤ ਹੈ।"[12] ਇਨ੍ਹਾਂ ਬਚਨਾਂ ਤੇ ਖ਼ਰੇ ਉਤਰਨ ਵਾਲੇ ਸਿਖ ਪੰਥ ਦੇ ਅਨੇਕਾਂ ਸ਼ਹੀਦਾਂ ਵਿਚੋਂ ਡਾ. ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁਤਰਾਂ ਦੀ ਦਾਸਤਾਨ ਵਰਣਨ ਕਰਦੇ ਹਨ, ਜੋ ਸਰਹੰਦ ਦੀ ਖ਼ੂੰਨੀ ਦੀਵਾਰ ਵਿਚ ਖੜੇ ਹਨ। ਇਸ ਘਟਨਾ ਬਾਰੇ ਉਹ ਵਿਆਸ ਦੇ ਹੋਰ ਬਚਨ ਆਪਣੇ ਅਨੁਭਵ ਵਿਚੋਂ ਪ੍ਰਗਟ ਕਰਦੇ ਹਨ, ਜੋ ਦਿਲ ਨੂੰ ਹਿਲਾ ਦੇਣ ਵਾਲੇ ਹਨ, "ਐਉਂ ਲਗਦਾ ਹੈ ਬਯਾਸ ਜੀ ਖ਼ੁਦ ਅਜ ਸਰਹਿੰਦ ਵਲ ਤੱਕ ਰਹੇ ਹਨ ਤੇ ਕਹਿ ਰਹੇ ਹਨ: 'ਹੇ ਪ੍ਰਮਾਤਮ ਦੇਵ, ਕੀ ਇਹ ਸੰਭਵ ਹੈ, ਬਾਲ ਅਵਸਥਾ ਵਿਚ, ਐਸ ਅਧੋਗਤੀ ਦੇ ਸਮੇਂ ਵਿਚ, ਇਹ ਦੋ ਸੁਕੁਮਾਰ ਦ੍ਰਿੜ ਰਹਿ ਸਕਣ!! ਹੇ ਦੇਵ! ਕੀ ਅੱਜ ਮਹਾਂਭਾਰਤ ਦਾ ਆਸ਼ਾ ਪੂਰਣ ਹੋਣ ਲਗਾ ਹੈ ? ਹੇ ਦੇਵ ! ਇਹ ਮੇਰੇ ਮੰਤਵ ਤੋਂ ਵੀ ਗੱਲ ਵਧ ਗਈ ਹੈ। ਮੇਰੇ ਖਿਆਲ ਵਿਚੋਂ ਕਦੇ ਮਾਸੂਮ ਬੱਚੇ ਨਹੀਂ ਸਨ ਲੰਘੇ। ਹੇ ਦੇਵ ! ਹੁਣ ਬੱਸ ਕਰੋ, ਹੋਰ ਦੇਖਿਆ ਨਹੀਂ ਜਾਂਦਾ, ਤ੍ਰਾਹ ਤ੍ਰਾਹ।' "[13] ਇਸ ਘਟਨਾ ਦੇ ਵਿਆਖਿਆਤਮਿਕ ਪਾਸਾਰ ਬੇਅੰਤ ਹਨ। ਇਸ ਦੇ ਇਕ-ਦੋ ਪੱਖ ਉਜਾਗਰ ਕਰਦਿਆਂ ਡਾ. ਸਾਹਿਬ ਲਿਖਦੇ ਹਨ, "ਸਰਹਿੰਦ ਦੀ ਦੀਵਾਰ ਦੀ ਘਟਨਾ ਮਜ਼੍ਹਬਾਂ ਦੀ ਤ੍ਵਾਰੀਖ ਵਿਚ ਇਕ ਅਦੁਤੀ ਚੀਜ਼ ਹੈ। ਇਹ ਉਹ ਤਰਾਜ਼ੂ ਹੈ ਜਿਸ ਨਾਲ ਉਸ ਵੇਲੇ ਦੇ ਜ਼ੁਲਮ ਦਾ ਪੂਰਾ ਪੂਰਾ ਤੋਲ ਲੀਤਾ ਜਾ ਸਕਦਾ ਹੈ। ਇਹ ਉਹ ਗਜ਼ ਹੈ ਜਿਸ ਨਾਲ ਗੁਰੂ ਗੋਬਿੰਦ ਸਿੰਘ ਦੀ ਮਾਨਸਿਕ ਬੁਲੰਦੀ ਦਾ ਤਖ਼ਮੀਨਾ ਲਗ ਸਕਦਾ ਹੈ।"[14] ਗੱਲ ਕਰਦੇ ਹਾਂ ਸੱਚ ਦੀ ਸੂਰਤ ਬਾਰੇ। ਸੰਸਾਰ ਦੇ ਦਰਸ਼ਨਾਂ ਦੇ ਮੁਕਾਬਲੇ ਡਾ. ਸਾਹਿਬ ਗੁਰੂ ਨਾਨਕ ਸਾਹਿਬ ਦੇ ਸਚ ਬਾਰੇ ਲਿਖਦੇ ਹਨ, "ਗੁਰੂ ਨਾਨਕ ਦੇ ਨਜ਼ਦੀਕ ਸੱਚ ਉਹ ਹੈ, ਜਿਸ ਦੇ ਅਸਰ ਹੇਠ ਵਿਗਾਸ ਪੈਦਾ ਹੁੰਦਾ ਹੈ, ਜੋ 'ਚਾਉ' ਦੀ ਤ੍ਰੰਗ-ਉਛਾਲ' ਦਾ ਸਬੱਬ ਹੁੰਦਾ ਹੈ। ਜੋ ਹਿਰਦੇ ਰੂਪ ਸਾਗਰ ਵਿਚ ਇਸ਼ਕ ਦੀ ਜੁਆਰ ਭਾਟਾ ਉਭਾਰ ਦੇਂਦਾ ਹੈ।"[15] ਇਸੇ ਲਈ ਹਿਕਮਤ ਤੇ ਹੁੱਜਤ ਨੂੰ, ਜਿਸ ਨੂੰ ਫ਼ਿਲਾਸਫ਼ੀ ਦਾ ਮੂਲ ਮੰਨਿਆ ਜਾਂਦਾ ਹੈ, ਗੁਰੂ ਬਾਬੇ ਦੀ ਬਾਣੀ ਨੇ ਅਸਲੀਅਤ ਤੋਂ ਦੂਰ ਮੰਨਿਆ ਹੈ। ਸੱਚ ਉਹ ਹੈ ਜੋ ਅੱਖਰ ਦੇ ਪਿਛੇ ਪਈ ਲੁਕਵੀਂ ਰਮਜ਼ ਦੀ ਸਮਝ ਨਾਲ ਪ੍ਰਗਟ ਹੁੰਦਾ ਹੈ। ਅਸਲ ਵਿਚ ਸੱਚ ਇਕ ਅਨੁਭਵੀ ਤਜ਼ੁਰਬਾ ਹੈ, ਜਿਸ ਦਾ ਅਸਰ ਮਨੁਖ ਮਹਿਸੂਸ ਕਰ ਸਕਦਾ ਹੈ, ਇਸ ਸੰਬੰਧ ਵਿਚ ਡਾ. ਸਾਹਿਬ ਲਿਖਦੇ ਹਨ, "ਜਿਸ ਤਰ੍ਹਾਂ ਕਮਲ ਨੂੰ ਪਤਾ ਲੱਗ ਜਾਂਦਾ ਹੈ ਕਿ ਹਨੇਰਾ ਹਟ ਗਿਆ ਹੈ, ਉਸ ਨੂੰ ਪਤਾ ਲਗ ਜਾਂਦਾ ਹੈ ਕਿ ਸੂਰਜ ਦੀ ਕਿਰਨ ਹੇਠਾਂ ਨੂੰ ਪਲਮ ਗਈ ਹੈ। ਕਮਲ ਦੀਆਂ ਤੇ ਕੋਈ ਅੱਖਾਂ ਨਹੀਂ, ਜਿਸ ਨਾਲ ਉਹ ਸੂਰਜ ਦੇਖ ਸਕੇ, ਫੇਰ ਉਸ ਨੂੰ ਪਤਾ ਕਿਵੇਂ ਲਗਦਾ ਹੈ ਕਿ ਸੂਰਜ ਨਿਕਲ ਆਇਆ ਹੈ ? ਕਮਲ ਦਾ ਖਿੜ ਪੈਣਾ ਹੀ ਉਸ ਲਈ ਸੂਰਜ ਦੀ ਹੋਂਦ ਦਾ ਸਬੂਤ ਹੈ।"[16] ਇਸ ਸੱਚ ਦੇ ਇਹਸਾਸ ਦਾ ਇਕ ਹੋਰ ਪਹਿਲੂ ਵੀ ਡਾ. ਸਾਹਿਬ ਨੇ ਦ੍ਰਿਸ਼ਟਮਾਨ ਕੀਤਾ ਹੈ, ਜਿਸ ਵਿਚੋਂ ਸੱਚ ਦੀ ਸੂਰਤ ਦਾ ਅਸਲ ਦਰਸ਼ਨ ਹੁੰਦਾ ਹੈ। ਉਹ ਉਦਾਹਰਨ ਦਿੰਦੇ ਹਨ ਬ੍ਰਹਮਾ ਦੇ ਪੁਤਰ ਸਨਤ ਕੁਮਾਰ ਦੀ। ਡਾ. ਸਾਹਿਬ ਦੇ ਆਪਣੇ ਸ਼ਬਦਾਂ ਵਿਚ, "ਸੱਚ ਦਾ ਇਕ ਪਹਿਲੂ ਤਾਂ ਵਿਗਾਸ ਹੈ, ਜੋ ਮਨੁਖ ਦੇ ਅਨੁਭਵ ਅੰਦਰ ਖੇੜੇ ਦੇ ਰੂਪ ਵਿਚ ਆਪਣੀ ਪ੍ਰਤੀਤੀ ਕਰਾਉਂਦਾ ਹੈ। ਉਸ ਦਾ ਦੂਜਾ ਪਾਸਾ ਵੀ ਹੈ, ਜੋ ਬਹੁਤ ਵਿਲਖਣ ਹੈ। ਸਨਤ ਕੁਮਾਰ ਨੇ, ਜੋ ਸੱਚ ਦਾ ਉਪਦੇਸ਼ ਨਾਰਦ ਨੂੰ ਕੀਤਾ, ਉਹ ਠੀਕ ਸੀ ਪਰ ਉਥੇ ਇਕ ਕਸਰ ਸੀ। ਸਨਤ ਕੁਮਾਰ ਆਪਣੀ ਛੋਟੀ ਉਮਰ ਵਿਚ ਖੁਸ਼ ਸੀ, ਪਰਮ ਆਨੰਦ ਸੀ; ਪਰ ਇਸਦੀ ਪਕੜ ਉਸ ਨੂੰ ਬਹੁਤ ਸੀ। ਉਸ ਦਾ ਇਹੋ ਦਿਲ ਸੀ ਕਿ ਕਿਸੇ ਤਰ੍ਹਾਂ ਮੈਂ ਹਮੇਸ਼ ਐਸਾ ਹੀ

---

11 -ਉਹੀ, ਪੰਨਾ 147-48.
12 ਬਲਬੀਰ ਸਿੰਘ, ਡਾ., *ਲੰਮੀ ਨਦਰ,* 'ਸੱਚ ਦੀ ਸੂਰਤ', ਖਾਲਸਾ ਸਮਾਚਾਰ ਹਾਲ ਬਾਜ਼ਾਰ, ਅੰਮ੍ਰਿਤਸਰ, ਜੁਲਾਈ 1949, ਪੰਨਾ 175.
13 -ਉਹੀ, ਪੰਨਾ 176-77.
14 -ਉਹੀ, ਪੰਨਾ 183-84.
15 -ਉਹੀ, ਪੰਨਾ 191.
16 -ਉਹੀ, ਪੰਨਾ 197.

ਰਹਾਂ। ਉਹ ਆਪਣੇ ਤਨ ਤੋਂ ਪਰੇ ਨਹੀਂ ਸੀ ਹੋ ਸਕਦਾ। ਮਨ ਨੂੰ ਸੁਤੰਤ੍ਰ ਕਰਕੇ ਤਨ ਤੋਂ ਵਖਰਾ ਕਰਨ ਵਿਚ ਉਸ ਦਾ ਦਿਲ ਸੰਕੁਚਦਾ ਸੀ। ਤਨ ਦੀ ਪਕੜ ਮਨ ਨੂੰ ਆਪਣੀ ਸੁਤੰਤਰਤਾ ਦਾ ਸੁਆਦ ਨਹੀਂ ਚੱਖਣ ਦੇਂਦੀ। ...ਸੱਚ ਦਾ ਤੇ ਸੁਤੰਤ੍ਰਤਾ ਦਾ ਸੰਬੰਧ ਹੈ।...ਸਨਤ ਕੁਮਾਰ ਦਾ ਸੱਚ, ਅਸਲ ਵਿਚ, ਤਨ ਤੋਂ ਉਚਾ ਉੱਠਣ ਦੇ ਸੱਚ ਦਾ ਹੰਭਲਾ ਨਹੀਂ ਸੀ। ਉਹ ਮਨ ਨੂੰ ਤਨ ਤੋਂ ਆਜ਼ਾਦ ਵਿਚਰਨ ਦੀ ਨਿਰਭਰਮ ਅਵਸਥਾ ਦਾ ਸੂਚਕ ਨਹੀਂ ਸੀ।"[17] ਏਸੇ ਸੱਚ ਦੇ ਧਾਰਨੀ ਸਨ ਗੁਰੂ ਗੋਬਿੰਦ ਸਿੰਘ ਜੀ ਸਪੁਤਰ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੋ ਨਿਰਭੈ ਖੜੇ ਸਨ ਸਰਹਿੰਦ ਦੀ ਦੀਵਾਰ ਵਿਚ। ਸਰੀਰਕ ਮੋਹ ਤੋਂ ਉਪਰ ਸੀ ਧਰਮ, ਜਿਸ ਨੂੰ ਸਨਤ ਕੁਮਾਰ ਪ੍ਰਾਪਤ ਨਹੀਂ ਕਰ ਸਕਿਆ ਸੀ, ਹਾਲਾਂਕਿ ਉਹ ਨਾਰਦ ਵਰਗੇ ਵਡੇ ਰਿਸ਼ੀਆਂ ਦਾ ਉਪਦੇਸ਼ ਕਰਤਾ ਸੀ। ਡਾ. ਸਾਹਿਬ ਲਿਖਦੇ ਹਨ ਕਿ ਸਨਤ ਕੁਮਾਰ ਇਸ ਲਈ ਸਰੀਰਕ ਮੋਹ ਵਿਚ ਫਸ ਗਿਆ ਕਿਉਂਕਿ ਸੱਚ ਦੇ ਇਕ ਹੋਰ ਪਹਿਲੂ 'ਹੁਕਮ' ਨੂੰ ਉਹ ਨਹੀਂ ਪਛਾਣ ਸਕਿਆ, ਜੋ ਪਹਿਲੇ ਦੋਵੇਂ ਪਹਿਲੂਆਂ ਨੂੰ ਮੇਲਣ ਵਾਲਾ ਹੈ। ਡਾ. ਸਾਹਿਬ ਹੁਕਮ ਦੀ ਪਛਾਣ ਦੋ ਤਰ੍ਹਾਂ ਕਰਵਾਉਂਦੇ ਹਨ- ਬਾਹਰੀ ਹੁਕਮ ਤੇ ਅੰਦਰੂਨੀ ਹੁਕਮ। ਉਹ ਲਿਖਦੇ ਹਨ ਕਿ ਸ਼ਰ੍ਹਾ ਦੇ ਸਾਰੇ ਹੁਕਮ ਬਾਹਰੀ ਹਨ, ਜਦੋਂ ਕਿ ਅੰਦਰੂਨੀ ਹੁਕਮ ਵਸਤਾਂ ਦੀ ਫਿਤਰਤ ਵਿਚ ਪਏ ਹਨ, ਜਿਵੇਂ ਅੱਗ ਦਾ ਕੰਮ ਹੈ ਸਾੜਨਾ। ਨਿਰਜ਼ਿੰਦ ਚੀਜ਼ਾਂ ਅੰਦਰੂਨੀ ਹੁਕਮ ਅਨੁਸਾਰੀ ਹਨ। ਅੰਦਰੂਨੀ ਹੁਕਮ ਅਨੁਸਾਰ ਸਰੀਰ ਦਾ ਅੰਤ ਹੋਣਾ ਨਿਸ਼ਚਿਤ ਹੈ, ਇਸ ਹੁਕਮ ਦੀ ਬੂਝ ਨਾ ਹੋਣ ਕਾਰਨ ਸਨਤ ਕੁਮਾਰ ਦੇਹ ਦਾ ਧਰਮ ਭੁਲ ਗਿਆ। ਉਹ ਹਮੇਸ਼ਾ ਬਾਲਕ ਰਹਿਣ ਤੇ ਸਦੀਵੀ ਜੀਵਨ ਦਾ ਇਛਾਵਾਨ ਹੋ ਗਿਆ। ਡਾ. ਸਾਹਿਬ ਲਿਖਦੇ ਹਨ, "ਏਸ ਹੁਕਮ ਨੂੰ ਨਾ ਸਮਝਣਾ ਸੱਚ ਦੇ ਨਿਸ਼ਾਨੇ ਤੋਂ ਉੱਖੜਨਾ ਹੈ। ਦੇਹ ਦੇ ਸੰਜੋਗੀ ਧਰਮ ਤੋਂ ਖੁਸ਼ੀਆਂ ਭਾਵੇਂ ਪੈਣ, ਪਰ ਪਰਮ ਪਦ ਦਾ ਮਹਲ ਨਹੀਂ ਲੱਭਦਾ। ਇਹ ਚੀਜ਼ ਸਪਸ਼ਟ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਹੀ ਗਈ ਹੈ, ਜੋ ਕਿ ਸਨਤ ਕੁਮਾਰ ਦੀ ਲੰਮੀ ਅਵਸਥਾ ਉਪਰ ਕਟਾਖ਼ਯ ਹੈ-

**ਬ੍ਰਹਮਾਦਿਕ ਸਮਕਾਦਿਕ ਸਨਕ ਸਨੰਦਨ ਸਨਾਤਨ**
**ਸਨਤ ਕੁਮਾਰ ਤਿਨ੍ ਕਉ ਮਹਲੁ ਦੁਲਭਾਵਉ॥2॥"** ਆਸਾ, ਮਹਲਾ 5, 121[18]

ਇਸੇ ਹੁਕਮ ਦੀ ਬੂਝ ਨਾ ਹੋਣ ਕਾਰਨ ਯੋਗੀ ਲੋਕ ਕੇਵਲ ਉਮਰਾਂ ਲੰਮੀਆਂ ਕਰਨ ਦੇ ਲਈ ਤਪ ਕਰਦੇ ਰਹੇ। ਹੁਕਮ ਨੂੰ ਨਾ ਬੁਝਣ ਕਰਕੇ ਉਨ੍ਹਾਂ ਦਾ ਰਾਹ, ਧਰਮ ਦੇ ਅਸਲ ਅਰਥਾਂ ਤਕ ਨਾ ਪੁਜ ਸਕਿਆ। ਹੁਕਮ ਦੀ ਬੂਝ ਵਾਲੇ ਦਾ ਬੁਲੰਦ ਨਾਰ੍ਹਾ ਹੁੰਦਾ ਹੈ-

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥**
**ਫਰੀਦਾ ਕਿਤੰੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥ 34 ॥**[19]

ਡਾ. ਬਲਬੀਰ ਸਿੰਘ ਨੇ ਆਪਣੇ ਲੇਖ **'ਸ਼ੁੱਧ ਸਰੂਪ'** ਵਿਚ ਮਨੁਖ ਨੂੰ ਉਸ ਦੇ ਸ਼ੁੱਧ ਸਰੂਪ ਦਾ ਬੋਧ ਕਰਵਾਉਣ ਹਿਤ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹੋਏ ਰਿੱਛ ਦੇ ਤਮਾਸ਼ੇ ਦਾ ਜ਼ਿਕਰ ਕੀਤਾ ਹੈ। ਸਾਖੀ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਦਾ ਇਕ ਸਿੱਖ ਸੀ ਜੋ ਕਿ ਰਿੱਛ ਪ੍ਰਵਿਰਤੀ ਕਾਰਨ ਇਸ ਜੂਨ ਵਿਚ ਅਵਤ੍ਰਿਤ ਹੋਇਆ ਸੀ ਅਤੇ ਉਸ ਨੂੰ ਕਲੰਦਰ ਗੁਰੂ ਜੀ ਦਰਬਾਰ ਵਿਚ ਤਮਾਸ਼ਾ ਕਰਨ ਲਈ ਲੈ ਕੇ ਆਇਆ ਸੀ। ਗੁਰੂ ਸਾਹਿਬ ਚਾਹੁੰਦੇ ਸਨ ਕਿ ਮਨੁਖ/ਸਿਖਾਂ ਨੂੰ ਇਨ੍ਹਾਂ ਪਸ਼ੂ ਪ੍ਰਵਿਤ੍ਰੀਆਂ ਤੋਂ ਮੁਕਤ ਕਰਕੇ ਸ਼ੁਧ ਕੀਤਾ ਜਾਵੇ। ਇਸ ਪ੍ਰਯੋਜਨ ਤਹਿਤ ਹੀ ਡਾ. ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਖਾਲਸੇ ਦੀ ਸਾਜਨਾ ਨੂੰ ਵੇਖਦੇ ਹਨ। ਇਸ ਦਿਨ ਮਾਰੇ ਗਏ ਪੰਜ ਬੱਕਰਿਆਂ ਨੂੰ ਡਾ. ਸਾਹਿਬ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਰੂਪ ਵਿਚ ਵੇਖਦੇ ਹਨ, ਜਿਨ੍ਹਾਂ ਦੀ ਮੌਤ ਬਿਨਾ ਉਨ੍ਹਾਂ ਦੁਆਰਾ ਸਾਜਿਆ ਜਾਣ ਵਾਲਾ ਮਨੁਖ 'ਸ਼ੁਧ/ਖ਼ਾਲਸ' ਨਹੀਂ ਸੀ ਹੋ ਸਕਦਾ। ਡਾ. ਸਾਹਿਬ ਲਿਖਦੇ ਹਨ ਕਿ ਇਨ੍ਹਾਂ ਪਸ਼ੂ ਪ੍ਰਵਿਤੀਆਂ ਦੇ ਖ਼ਾਤਮੇ ਲਈ ਸੰਸਾਰ ਵਿਚ ਉਸ ਸਮੇਂ ਅਨੇਕਾਂ ਮਾਰਗ ਚਲ ਰਹੇ ਸਨ, ਪਰ ਗੁਰੂ ਜੀ ਦਾ ਤਰੀਕਾ ਵਖਰਾ ਸੀ। ਉਹ ਸੀ, "ਉਸ ਦਾ ਆਧਾਰ ਕੋਈ ਯੋਗਕ ਸਾਧਨ ਨਹੀਂ ਸੀ, ਨਾ ਹੀ ਉਹ ਪ੍ਰਾਣਾਂ ਦੀ ਵਿਲੀਨਤਾ ਦਾ ਮਨ ਨੂੰ ਰੋਕਣ ਦਾ ਵਸੀਲਾ ਸੀ। ਉਹ ਇਕ ਫੁਰਤੀਲਾ ਸਾਹਸੀ, ਉਦਯੋਗੀ ਕਾਰਜ ਦਾ ਉਦੇਸ਼ ਸੀ। ਜੋ ਆਦਰਸ਼ ਉਨ੍ਹਾਂ ਪੇਸ਼ ਕੀਤਾ, ਉਸ ਦੀ ਖ਼ੂਬੀ ਇਹ ਸੀ ਕਿ ਉਸ ਦੇ ਸਨਮੁਖ ਅੰਦਰ ਦੇ ਪੰਜ ਪਸ਼ੂ ਆਪੋ ਆਪਣੀ ਬਲੀ ਦੇਣ ਲਈ ਤਿਆਰ ਹੋ ਗਏ। ਗੁਰੂ ਜੀ ਮਨੁੱਖ ਦੇ ਅੰਦਰ ਜਾਨਵਰਾਂ ਦੇ ਵਸੇਬੇ ਨੂੰ ਪਸੰਦ ਨਹੀਂ ਸਨ ਕਰਦੇ। ਉਹਨਾਂ ਦੇ ਗਿਰਦ ਜੋ ਲੋਕ ਰਹਿੰਦੇ ਸਨ,

---

17 -ਉਹੀ, ਪੰਨਾ 200-201.
18 -ਉਹੀ, ਪੰਨਾ 209.
19 *ਸ੍ਰੀ ਗੁਰੂ ਗ੍ਰੰਥ ਸਾਹਿਬ*, ਸਲੋਕ ਫ਼ਰੀਦ, ਪੰਨਾ 1379.

ਉਹਨਾਂ ਵਿਚ ਬਹੁਤੇ ਪਸ਼ੂਆਂ ਦੀ ਖ਼ਸਲਤਾਂ ਤੋਂ ਪਾਕ ਨਹੀਂ ਸਨ।"[20] ਡਾ. ਸਾਹਿਬ ਅਨੁਸਾਰ ਗੁਰੂ ਜੀ ਨੇ ਮਨੁਖਾਂ ਵਿਚ ਜੋ ਦੋ ਵਡੀਆਂ ਪਸ਼ੂ ਪ੍ਰਵਿ੍ਤੀਆਂ ਵੇਖੀਆਂ, ਉਹ ਸਨ ਰਿੱਛ ਤੇ ਗਿੱਦੜ ਵਾਲਾ ਜਾਨਵਰਪੁਣਾ। ਜਿਥੇ ਜ਼ੋਰ ਚਲੇ ਓਥੇ ਰਿਛ ਵਾਂਗ ਜੜ੍ਹੇ ਮਾਰ ਲੈਣੇ ਤੇ ਜਿਥੇ ਜ਼ੋਰ ਨਾ ਚਲੇ ਉਥੇ ਗਿੱਦੜ ਵਾਂਗ ਨੱਠ ਜਾਣਾ। ਭਾਈਆਂ ਨਾਲ ਤਾਂ ਲੜਾਈ ਝਗੜਾ ਕਰਨਾ, ਪਰ ਬਾਹਰੀ ਹਮਲਾਵਰਾਂ ਦੇ ਆਉਣ ਤੇ ਗਿਦੜਾਂ ਵਾਂਗ ਨੱਸ ਜਾਣਾ। ਉਸ ਸਮੇਂ ਦੀ ਹਾਲਤ ਇਹ ਸੀ, "ਮਨੁੱਖ ਜਾਨਵਰਾਂ ਦਾ ਰਵੱਯਾ ਹੀ ਰੱਖਦੇ ਸਨ। ਮੁਲਕ ਦੇ ਹਾਕਮ ਬਘਿਆੜ ਸਨ, ਗੁਰੂ ਜੀ ਦੇ ਮਾਲ ਖ਼ਜ਼ਾਨੇ ਦੇ ਸੇਵਕ (ਮਸੰਦ) ਰਿੱਛ। ਸਿਰਕਰਦੇ ਹਿੰਦੂ, ਜ਼ਮੀਨਾਂ ਵਾਲੇ, ਪੈਸੇ ਵਾਲੇ, ਰਾਜ ਸਿੰਘਾਸਣ ਉਪਰ ਬੈਠਣ ਵਾਲੇ ਸਭ ਗਿੱਦੜ, ਬਾਕੀ ਮੁਲਕ ਵਿਚ ਭੁੱਖੇ ਨੰਗੇ ਕੁਤੇ। ਸਿਰਫ਼ ਇਕ ਚਾਲਾਕ ਸ਼੍ਰੇਣੀ ਸੀ ਜੋ ਕਲੰਦਰ ਸਨ ਤੇ ਸਭ ਦਾ ਤਮਾਸ਼ਾ ਬਣਾ ਕੇ ਆਪਣਾ ਢਿੱਡ ਭਰਦੇ ਸਨ।"[21] ਖਾਲਸਾ ਸਾਜਨਾ ਦਾ ਮਕਸਦ ਸੀ, ਮਨੁਖ ਅੰਦਰ ਸੁਤੇ ਭਏ ਨਿਰਭੈ 'ਸ਼ੇਰ' ਨੂੰ ਜਗਾਉਣਾ, ਜਿਸ ਦੇ ਜਾਗਣ ਨਾਲ ਬਾਕੀ ਜਾਨਵਰ ਖ਼ੁਦ ਬਾ ਖ਼ੁਦ ਦੌੜ ਜਾਂਦੇ ਹਨ। ਡਾ. ਸਾਹਿਬ ਲਿਖਦੇ ਹਨ ਕਿ "ਗੁਰੂ ਸਾਹਿਬ ਨੇ ਕੌਮ ਨੂੰ ਨਿਰਭੈਤਾ ਦਾ ਵੇਸ ਪ੍ਰਦਾਨ ਕੀਤਾ, ਜੋ ਖਾਲਸਾ ਰੂਪ ਹੈ। ਇਹ ਉਤਨਾ ਚਿਰ ਹੀ ਠਹਿਰ ਸਕਦਾ ਹੈ ਜਿਤਨਾ ਚਿਰ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਹੈ।"[22] ਇਸੇ ਸ਼ੁਧ ਸਰੂਪ ਦੇ ਪ੍ਰਗਟ ਕਰਤਾ ਗੁਰੂ ਜੀ ਬਾਰੇ ਉਹ ਲਿਖਦੇ ਹਨ, "ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਏਸ ਗੱਲ ਵਿਚੋਂ ਨਹੀਂ ਜਾਚੀ ਜਾ ਸਕਦੀ ਕਿ ਉਹਨਾਂ ਨੇ ਕੀ ਕੀ ਕਾਰਨਾਮੇ ਕੀਤੇ ਤੇ ਕੀ ਕੀ ਜਿੱਤਾਂ ਜਿਤੀਆਂ। ਉਹਨਾਂ ਦੀ ਵਡਿਆਈ ਹੈ ਇਕ ਨਵੀਂ ਫ਼ਿਜ਼ਾ ਪੈਦਾ ਕਰਨ ਵਿਚ, ਇਕ ਨਵਾਂ ਵਾਯੂ ਮੰਡਲ ਬਨਾਉਣ ਵਿਚ, ਇਕ ਨਵਾਂ ਆਦਰਸ਼ ਸਾਹਮਣੇ ਲਿਆਉਣ ਵਿਚ, ਜਿਸ ਨਾਲ ਭਾਰਤ ਵਰਸ਼ ਦੀ ਮਜ਼੍ਹਬੀਅਤ ਆਪਣਾ ਪੁਰਾਣਾ ਵੇਸ ਉਤਾਰਕੇ ਨਵੀਨ ਰੂਪ ਧਾਰਨ ਕਰੇ।"[23] ਇਹ ਆਦਰਸ਼ ਸੀ ਸੇਵਾ। ਇਸ ਵਿਚ ਸਾਮੂਹਿਕ ਰੂਪ ਵਿਚ ਸ਼ਾਮਿਲ ਹੋਣ ਲਈ ਇਕ ਕੇਂਦਰੀ ਸੰਸਥਾ ਸੀ ਗੁਰੂਦੁਆਰਾ। ਇਸ ਸੰਸਥਾ ਦੇ ਹੋਂਦ ਵਿਚ ਆਉਣ ਨਾਲ ਜੋ ਆਦਰਸ਼ ਸਥਾਪਿਤ ਹੋਇਆ ਉਹ ਕਮਾਲ ਦਾ ਸੀ, "ਇਹ ਜਨ ਸਮੂਹ ਦੀ ਸੇਵਾ ਤੋਂ ਪੈਦਾ ਹੋਇਆ ਕ੍ਰਿਸ਼ਮਾ ਸੀ। ਇਸ ਵਿਚ ਗੁਰਦੁਆਰੇ ਸਹਾਈ ਸਨ। ਕੌਮ ਨੂੰ ਇਕ ਉਦੇਸ਼ ਪ੍ਰਾਪਤ ਹੋ ਗਿਆ ਸੀ। ਖੁਸ਼ੀ ਹੁਣ ਏਸ ਗੱਲ ਵਿਚ ਨਹੀਂ ਸੀ ਰਹੀ ਕਿ ਪੰਜ ਕਲੇਸ਼ ਕਿਸ ਤਰ੍ਹਾਂ ਨਵਿਰਤ ਹੋਣ, ਜਾਂ ਤਿੰਨ ਤਾਪ ਕਿਸ ਤਰ੍ਹਾਂ ਦੂਰ ਹੋਣ, ਖੁਸ਼ੀ ਏਸ ਗੱਲ ਵਿਚ ਹੋ ਗਈ ਸੀ ਕਿ ਦੂਜਿਆਂ ਨੂੰ ਕਿਸ ਤਰ੍ਹਾਂ ਖੁਸ਼ ਕੀਤਾ ਜਾਵੇ, ਕਿਸ ਤਰ੍ਹਾਂ ਭਲਾਈ ਕੀਤੀ ਜਾਏ, ਕਿਸ ਤਰ੍ਹਾਂ ਪਰਉਪਕਾਰ ਦੀ ਖ਼ਾਤਰ ਆਪਾ ਵਾਰਿਆ ਜਾਏ। ਏਸ ਉਦੇਸ਼ ਹੇਠ ਮੁਲਕ ਦੀ ਆਬੋ ਹਵਾ ਬਦਲਣ ਲਗ ਪਈ ਸੀ। ਭਗਤੀ ਨੇ ਆਪਣਾ ਰੂਪ ਵਟਾ ਲਿਆ ਸੀ। ...ਭਗਤੀ ਸੇਵਾ ਦੀ ਸੁਰਤਿ ਵਾਲੀ ਬਣ ਗਈ ਸੀ, ਭਗਤੀ ਸੇਵਾ ਭਗਤੀ ਬਣ ਗਈ ਸੀ। 'ਸੇਵਾ-ਭਗਤੀ' ਨੂੰ ਐਸ ਤਰ੍ਹਾਂ ਅਮਲੀ ਜਾਮਾ ਪਹਿਨਾਇਆ ਗਿਆ। ਏਸ ਨੂੰ ਵਜਕਤੀਗਤ ਇਕੱਲ ਤੋਂ ਚੁੱਕਕੇ ਸਰਬ ਸਾਂਝੀ ਬਣਾ ਦਿੱਤਾ ਗਿਆ। ਇਹ ਤਰੀਕਾ ਕੱਢਿਆ ਗਿਆ, ਆਪਾ ਗਵਾਉਣ ਦਾ।"[24] ਇਹ ਸੀ ਕ੍ਰਿਸ਼ਮਾ, ਉਸ ਸ਼ੁੱਧ ਸਰੂਪ ਦਾ ਜੋ ਪਸ਼ੂ ਪ੍ਰਵਿ੍ਤੀਆਂ ਤੋਂ ਮੁਕਤ ਸੀ।

ਅਸੰਤੁਸ਼ਟ ਮਨੁਖ ਦੀਆਂ ਮੰਗਾਂ ਦਾ ਕੋਈ ਅੰਤ ਨਹੀਂ ਹੁੰਦਾ। ਇਕ ਮੰਗ ਦੀ ਪੂਰਤੀ ਹੋਰ ਕਈ ਨਵੀਆਂ ਮੰਗਾਂ ਨੂੰ ਜਨਮ ਦਿੰਦੀ ਹੈ। ਇਹ ਵਡਾ ਤ੍ਰਿਸ਼ਨਾ ਰੋਗ ਹੈ। ਮਨੁਖ ਨੂੰ ਏਨੀ ਸਮਝ ਨਹੀਂ ਕਿ ਉਸ ਦੀ ਭੁਲਾਈ ਕਿਸ ਵਿਚ ਹੈ। ਹੁਕਮ ਨੂੰ ਬੁਝਣ ਦੀ ਥਾਂ ਉਹ ਕਸ਼ਟ ਨੂੰ ਦੁਖ ਵਾਲੇ ਰਾਹ ਤੋਂ ਛੁਟਕਾਰਾ ਪਾਉਣ ਲਈ ਅਤੇ ਸੁਖਮਈ ਜੀਵਨ ਦੀ ਭਾਲ ਵਿਚ ਏਥੋਂ ਤਕ ਭਟਕਦਾ ਹੈ ਕਿ ਆਪਣਾ ਧਰਮ ਵੀ ਭੁੱਲ ਜਾਂਦਾ ਹੈ, ਜਿਸ ਬਾਰੇ ਅਸੀਂ ਉਪਰ ਵੀ ਗੱਲ ਕਰ ਆਏ ਹਾਂ। ਪ੍ਰਭੂ ਦੁਆਰਾ ਬਖ਼ਸ਼ੀਆਂ ਕਈ ਵਸਤਾਂ ਉਸ ਦੇ ਸਫਲ ਜੀਵਨ ਦੀ ਕੁੰਜੀ ਹੁੰਦੀਆਂ ਹਨ, ਪਰ ਮਨੁਖ ਉਨ੍ਹਾਂ ਨੂੰ ਭਾਰ ਸਮਝਦਾ ਹੈ ਅਤੇ ਛੁਟਕਾਰਾ ਚਾਹੁੰਦਾ ਹੈ। ਨਿਤ ਨਵੇਂ ਸੁਖਾਂ ਵਿਚ ਗ਼ਲਤਾਨ ਲੋਕਾਂ ਦੇ ਤਬਾਹ ਹੋ ਰਹੇ ਜੀਵਨ ਇਸ ਦੀ ਮਿਸਾਲ ਹਨ। ਡਾ. ਬਲਬੀਰ ਸਿੰਘ ਦੇ ਲੇਖ **'ਕਾਠ ਦੀ ਘੋੜੀ'** ਵਿਚ ਇਸ ਸਚਾਈ ਦਾ ਨਿਰੂਪਣ ਬਾਖ਼ੂਬੀ ਕੀਤਾ ਗਿਆ ਹੈ। ਇਸ ਲੇਖ ਦਾ ਮੁਖ ਪਾਤਰ ਗੁਰੂ ਅਮਰਦਾਸ ਜੀ ਦਾ ਸੇਵਕ 'ਘਸੀਟਾ' ਹੈ, ਜੋ ਲੰਗੜਾ ਹੋਣ ਦੇ ਬਾਵਜ਼ੂਦ ਵੀ ਤਿੰਨ ਕੋਹ ਆਪਣੀ ਵੈਸਾਖੀ ਸਹਾਰੇ ਚਲ ਕੇ ਗੁਰੂ ਜੀ ਲਈ ਦਹੀਂ ਲੈ ਕੇ ਆਉਂਦਾ ਸੀ। ਪਰ ਜਦੋਂ ਗੁਰੂ ਕ੍ਰਿਪਾ ਨਾਲ ਉਸ ਦੀ ਲੱਤ ਠੀਕ ਹੋ ਗਈ ਤਾਂ ਉਹ ਆਪਣੀ ਨਿਤ ਦੀ ਸੇਵਾ ਛਡ ਕੇ ਸੰਸਾਰ ਵਿਚ ਮਗਨ ਹੋ ਗਿਆ। ਇਕ ਦਿਨ ਆਪਣੀ ਮਰ ਚੁਕੀ ਵਹੁਟੀ ਬੰਤੋ ਕਾਰਨ ਪਾਗਲ ਹੋਇਆ ਘਸੀਟਾ ਗੁਰੂ ਅਮਰਦਾਸ ਜੀ ਦੇ ਥਾਪੇ ਮੰਜੀਦਾਰ ਬੇਣੀ ਜੀ ਕੋਲ ਬੇਹੋਸ਼ ਅਵਸਥਾ ਵਿਚ ਲਿਆਂਦਾ ਗਿਆ। ਬੇਣੀ ਜੀ ਨੇ ਉਸ ਨੂੰ ਉਸ ਦੇ ਬਰਬਾਦ ਹੋ ਰਹੇ ਜੀਵਨ ਬਾਰੇ

---

[20] ਬਲਬੀਰ ਸਿੰਘ, ਡਾ., *ਸ਼ੁੱਧ ਸਰੂਪ,* 'ਸ਼ੁੱਧ ਸਰੂਪ', ਖਾਲਸਾ ਸਮਾਚਾਰ ਹਾਲ ਬਾਜ਼ਾਰ, ਅੰਮ੍ਰਿਤਸਰ, ਜੁਲਾਈ 1966, ਪੰਨਾ 28.
[21] -ਉਹੀ, ਪੰਨਾ 33-34.
[22] -ਉਹੀ, ਪੰਨਾ 38.
[23] -ਉਹੀ, ਪੰਨਾ 20.
[24] -ਉਹੀ, ਪੰਨਾ 27.

ਦਸਿਆ, ਕਿ ਕਿਵੇਂ ਇਕ ਲੱਤ ਦੇ ਠੀਕ ਹੋਣ ਨਾਲ ਉਹ ਭਟਕਣਾ ਵਿਚ ਪੈ ਗਿਆ ਹੈ ਅਤੇ ਉਸ ਦੇ ਸਫਲ ਜੀਵਨ ਦੀ ਪੂੰਜੀ 'ਗੁਰੂ ਸੇਵਾ' ਖੁਸ ਗਈ ਹੈ ? ਬੇਣੀ ਜੀ ਦੇ ਬਚਨ ਸੁਣ ਕੇ ਘਸੀਟੇ ਦਾ ਧਿਆਨ ਆਪਣੀ ਵੈਸਾਖੀ (ਕਾਠ ਦੀ ਘੋੜੀ) ਵਲ ਦੌੜਦਾ ਹੈ ਅਤੇ ਭਾਈ ਜੇਠਾ ਜੀ, ਜੋ ਕਿ ਗੁਰੂ ਦਰਬਾਰ ਵਿਚ ਦੂਰੋਂ ਆਏ ਮੁਸਾਫ਼ਰਾਂ ਦੀ ਮੁਠੀ-ਚਾਪੀ ਕਰਦਾ ਸੀ, ਦੇ ਕਲਿਆਣਕਾਰੀ ਬਚਨ ਸਮਝ ਆਉਣ ਲਗਦੇ ਹਨ, "ਜੇਠਾ ਜੀ ਮੈਨੂੰ ਏਹੋ ਕਹਿੰਦੇ ਸਨ। ਆਖਦੇ ਸਨ ਏਸ (ਵੈਸਾਖੀ) ਵਿਚ ਪ੍ਰਾਣ ਹਨ। ਉਹ ਕਹਿੰਦੇ ਸਨ ਮਨੁਖ ਦੀ ਦੇਹ ਵੀ ਘੋੜੀ ਹੈ, ਕੱਚੇ ਕਾਠ ਦੀ ਘੋੜੀ, ਪਰ ਇਹ ਵੈਸਾਖੀ ਪੱਕੀ ਲਕੜ ਦੀ। ਫੇਰ ਇਹ ਵੀ ਕਹਿੰਦੇ ਸਨ ਕਿ ਇਹ ਜੋ ਜੀਵ ਹੈ ਉਹ ਦੇਹ ਰੂਪੀ ਘੋੜੀ ਨੂੰ ਚਲਾਉਂਦਾ ਹੈ, ਪਰ ਸਮਝਦਾ ਹੈ ਘੋੜੀ ਮੈਨੂੰ ਚੁਕੀ ਫਿਰਦੀ ਹੈ। ਉਹ ਇਹ ਵੀ ਕਹਿੰਦੇ ਸਨ ਕਿ ਅਸੀਂ ਆਪਣੀ ਦੇਹ ਨੂੰ ਘੋੜੀ ਸਮਝਕੇ ਏਸ ਦੇ ਮੂੰਹ ਵਿਚ ਲਗਾਮ ਪਾ ਕੇ ਰਖਦੇ ਹਾਂ। ਉਹ ਲਗਾਮ ਨੂੰ 'ਕੜਿਆਲ' ਕਹਿੰਦੇ ਹਨ। ਕਹਿੰਦੇ ਸਨ ਤੂੰ ਵੀ ਵੈਸਾਖੀ ਦੇ ਮੂੰਹ ਵਿਚ ਕੜਿਆਲ ਪਾ ਦੇਹ। ਇਕ ਦਿਨ ਕਿਹਾ ਨੇ ਘੋੜਾ ਭਾਵੇਂ ਚੰਮ ਦਾ ਹੋਵੇ, ਭਾਵੇਂ ਕਾਠ ਦਾ, ਮੂੰਹ-ਜ਼ੋਰ ਹੈ, ਦੇਖ, ਕਿਤੇ ਨੱਸ ਨਾ ਜਾਵੇ। ਫੇਰ ਇਕ ਵਾਰ ਮੈਨੂੰ ਥੱਕਿਆ ਤੱਕ ਕੇ ਕਹਿਣ ਲਗੇ ਕਿ ਆ ਤੇਰੀ ਵੈਸਾਖੀ ਦੀ ਮੁੱਠੀ ਚਾਪੀ ਕਰ ਦੇਈਏ।"[25] ਘਸੀਟਾ ਸੋਚਦਾ ਹੈ ਕਿ ਮੈਂ ਉਸ ਵਕਤ ਭਾਈ ਜੇਠਾ ਜੀ ਦਾ ਬਚਨ ਸਮਝ ਨਾ ਸਕਿਆ, ਨਹੀਂ ਤਾਂ ਮੈਂ ਹਮੇਸ਼ਾ ਆਪਣੀ ਕਾਠ ਦੀ ਘੋੜੀ ਨੂੰ ਕੜਿਆਲਾ ਪਾ ਕੇ ਰਖਦਾ। ਬਸ ਕਾਠ ਦੀ ਘੋੜੀ ਕੀ ਦੂਰ ਹੋਈ, ਜੀਵਨ ਹੀ ਦਿਸ਼ਾਹੀਨ ਹੋ ਗਿਆ। ਜਦੋਂ ਘਸੀਟੇ ਨੂੰ ਇਸ ਗੱਲ ਦੀ ਸਮਝ ਲਗੀ ਤਾਂ ਬੇਣੀ ਜੀ ਨੇ ਜੀਵਨ ਸੋਝੀ ਬਖ਼ਸ਼ਦਿਆਂ ਕਿਹਾ, "ਦੇਖ, ਬੱਚਾ, ਤੇਰੀ ਦੂਜੀ ਲਤ ਦੇ ਜਾਗ ਉਠਿਆਂ ਹੀ ਤੈਨੂੰ ਆਪਣੇ ਆਪ ਦੀ ਸੂਝ ਆਈ। ਤੂੰ ਮਹਿਸੂਸ ਕੀਤਾ ਕਿ ਤੂੰ ਵੀ ਕੋਈ ਚੀਜ਼ ਹੈ ਤੇ ਬੰਤੋ ਤੈਨੂੰ ਕਬੂਲ ਕਰੇਗੀ; ਪਰ ਤੈਨੂੰ ਪਤਾ ਨਹੀਂ ਕਿ ਤੇਰੇ ਅੰਦਰ ਇਹ ਹੋਰ ਚੀਜ਼ ਹੈ ਉਹ ਵੀ ਸੁੱਤੀ ਪਈ ਹੈ, ਉਸ ਦੇ ਜਾਗਦਿਆਂ ਹੀ ਤੂੰ ਚੇਤਨ ਹੋ ਜਾਏਂਗਾ। ਤੇਰੀ ਦੁਨੀਆਂ ਬਦਲ ਜਾਏਗੀ, ਉਹ ਸੁਤੀ ਹੋਈ ਚੀਜ਼ ਹੈ, ਤੇਰੀ 'ਸੁਰਤਿ'। ਤੂੰ ਧਿਆਨ ਦੇਹ ਤੇ ਮੇਰੀ ਗੱਲ ਸੁਣ ! ਤੈਨੂੰ ਪਤਾ ਹੈ ਕਿ ਤੂੰ ਗੁਰੂ ਜੀ ਨੂੰ ਦਹੀਂ ਛਕਾਉਂਦਾ ਸੈਂ। ਤੇਰੇ ਪਿਛੋਂ ਕਈਆਂ ਕੋਸ਼ਿਸ਼ ਕੀਤੀ ਕਿ ਓਗਰੇ ਨਾਲ ਉਹ ਥੋੜ੍ਹੀ ਦਹੀਂ ਲੈ ਲੈਣ, ਪਰ ਉਹਨਾਂ ਨਹੀਂ ਲਈ। ਲੱਸੀ ਵੀ ਨਹੀਂ ਛਕੀ। ਉਹ ਦਹੀਂ ਦੇ ਭੁੱਖੇ ਨਹੀਂ, ਭਾਵ ਦੇ ਭੁੱਖੇ ਹਨ। ਉਹ ਕਾਠ ਦੀ ਘੋੜੀ ਦੇ ਉਤਸ਼ਾਹ ਦੇ ਭੁਖੇ ਸਨ। ਤਿੰਨਾਂ ਕੋਹਾਂ ਤੋਂ ਕਾਠ ਦੀ ਸਵਾਰੀ ਕਰਕੇ ਆਵੇ ਉਹ ਏਸ ਗੱਲ ਦੇ ਕਦਰ ਦਾਨ ਸਨ। ਕਾਠ ਦੀ ਘੋੜੀ ਵਿਚ ਵੀ ਜਿੰਦ ਹੈ, ਉਸ ਵਿਚ ਵੀ ਪ੍ਰਾਣ ਹਨ, ਉਸ ਵਿਚ ਵੀ ਭਾਵ ਹਨ, ਤਦੇ ਸ੍ਰੀ ਜੇਠਾ ਜੀ ਕਹਿੰਦੇ ਸਨ, ਆ ਤੇਰੀ ਘੋੜੀ ਦੀ ਸੇਵਾ ਕਰ ਦੇਈਏ, ਥੱਕ ਗਈ ਹੋਣੀ ਹੈ, ਲਿਆ ਇਸ ਦੀ ਮੁੱਠੀ ਚਾਪੀ ਕਰ ਦੇਈਏ। ਕਾਠ ਦੇ ਜਜ਼ਬੇ ਅੰਦਰਵਾਰ ਲੁਕੇ ਹੁੰਦੇ ਹਨ, ਉਹ ਬੈਸੰਤਰ ਰੂਪ ਹਨ, ਕਾਠ ਨੂੰ ਅੱਗ ਲਗੇ ਤਾਂ ਦੁਨੀਆਂ ਵਾਲੇ ਉਸ ਦੇ ਅੰਗਾਰੇ ਦੇਖਦੇ ਹਨ। ਪਰ ਗੁਰੂ ਜੀ ਅੰਦਰ ਦ੍ਰਿਸ਼ਟੀ ਨਾਲ ਉਸ ਠੰਢੇ ਕਾਠ ਨੂੰ ਤਕਦੇ ਹਨ। ਉਹ ਛੁਪਿਆ ਹੋਇਆ ਨੂਰ ਉਹਨਾਂ ਨੂੰ ਪ੍ਰਤੱਖ ਹੋ ਜਾਂਦਾ ਹੈ। ਉਸ ਨੂਰ ਵਿਚ ਉਹ ਕੋਈ ਜੋਤਿ ਦੇਖਦੇ ਹਨ, ਜਾਗਦੀ ਜੋਤਿ, ਨਿਰੰਜਨੀ ਜੋਤਿ। ਤੇਰੀ ਕਾਠ ਦੀ ਘੋੜੀ ਦੇ ਬੜੇ ਲੰਮੇ ਚੌੜੇ ਅਰਥ ਹਨ, ਉਸ ਦੀ ਵਡੀ ਵਿਆਖਿਆ ਹੈ। ਉਹ ਤੇਰੀ ਸਦਗਤਿ ਦਾ ਉਪਾਇ ਹੈ, ਤੇਰੀ ਸ਼ਾਂਤਿ ਦਾ ਸਾਧਨ ਹੈ। ਪਰ ਤੇਰੀ ਸੁਧਰੀ ਹੋਈ ਲੱਤ ਭਟਕਨਾ ਦਾ ਭੰਡਾਰ ਹੈ, ਉਹ ਤਰਸੇਵੇਂ ਦਾ ਹਥਿਆਰ ਹੈ, ਉਹ ਉਸ ਛਲੇਡੀ ਦੇ ਮਗਰ ਨਸਦੀ ਹੈ, ਜਿਸ ਕਦੇ ਹੱਥ ਨਹੀਂ ਆਉਣਾ।"[26]

ਇਸੇ ਲੇਖ ਵਿਚ ਡਾ. ਸਾਹਿਬ ਨੇ ਇਕ ਹੋਰ ਅਹਿਮ ਵਿਸ਼ੇ ਉਪਰ ਰੋਸ਼ਨੀ ਪਾਈ ਹੈ। ਵਿਸ਼ਾ ਹੈ- ਅੰਦਰੂਨੀ ਤੇ ਬਾਹਰੀ ਰਹਿਤ ਦੇ ਫ਼ਰਕ ਤੇ ਮੇਲ ਦਾ। ਇਹ ਵਿਸ਼ਾ ਬੇਣੀ ਜੀ ਅਤੇ ਮਿਸ਼ਰ ਨਾਮਕ ਪੰਡਿਤ ਦੀ ਵਿਚਾਰ-ਚਰਚਾ ਰਾਹੀਂ ਉਭਾਰਿਆ ਗਿਆ ਹੈ। ਪੰਡਿਤ ਦਾ ਸ਼ਿਕਵਾ ਹੈ ਕਿ ਬੇਣੀ ਜੀ ਨੇ ਸਭ ਕੁਝ ਛਡ ਦਿਤਾ, ਜਿਵੇਂ ਪਿਤਾ ਪੁਰਖੀ ਦੇ ਜਗ, ਹਵਨ, ਪੁਰਾਤਨ ਰਹੁ ਰੀਤਿ, ਪਰੰਪਰਾ ਤੋਂ ਚਲੀ ਆ ਰਹੀ ਕਰਮ ਪੱਧਤਿ, ਵਡਿਆਂ ਦੀ ਬੱਧੀ ਹੋਈ ਮਰਯਾਦਾ, ਸ਼੍ਰਾਧ, ਵਰਤ, ਹੋਮ, ਸੂਤਕ-ਪਾਤਕ ਤੇ ਜਨੇਊ। ਜਦੋਂ ਕਿ ਗੁਰੂ ਅਮਰਦਾਸ ਜੀ ਦੇ ਮਿਲਾਪ ਤੋਂ ਪਹਿਲਾਂ ਉਹ ਇਹ ਸਾਰੇ ਕਰਮ ਕਰਦਾ ਸੀ ਤੇ ਹੋਰਾਂ ਨੂੰ ਕਰਨ ਦੀ ਸਿਖਿਆ ਦਿੰਦਾ ਸੀ, ਪਰ ਗੁਰੂ ਮਿਲਾਪ ਉਪਰੰਤ ਉਸ ਨੇ ਆਪਣੇ ਸਾਰੇ ਗ੍ਰੰਥ ਵੀ ਦਰਿਆ ਵਿਚ ਪਾ ਦਿਤੇ ਸਨ। ਮਿਸ਼ਰ ਦੇ ਸ਼ਿਕਵੇ ਨੂੰ ਦੂਰ ਕਰਨ ਲਈ ਬੇਣੀ ਜੀ ਇਕ ਬੇੜੀ ਦਾ ਪ੍ਰਮਾਣ ਦੇ ਕੇ ਬਾਹਰੀ ਗਿਆਨ ਅਤੇ ਅੰਦਰੂਨੀ ਗਿਆਨ ਬਾਰੇ ਸਮਝਾਉਂਦੇ ਹਨ। ਉਹ ਦਸਦੇ ਹਨ ਕਿ ਸਮੁੰਦਰ ਵਿਚ ਤੈਰ ਰਹੀ ਬੇੜੀ ਦੇ ਦੋ ਭਾਗ ਹੁੰਦੇ ਹਨ, ਇਕ ਪੇਂਦਾ (ਪਾਣੀ ਵਿਚ ਡੁਬਿਆ ਭਾਗ) ਤੇ ਦੂਜਾ ਪੇਟਾ (ਪਾਣੀ ਤੋਂ ਬਾਹਰਲਾ ਭਾਗ)। ਜੇਕਰ ਕੋਈ ਬੋਝ ਬੇੜੀ ਦੇ ਪੇਟੇ ਵਾਲੇ ਭਾਗ ਵਿਚ ਰਖਿਆ ਜਾਵੇ ਤਾਂ ਬੇੜੀ ਡੋਲੇਗੀ ਤੇ ਹੋ ਸਕਦਾ ਹੈ ਡੁਬ ਵੀ ਜਾਵੇ, ਪਰ ਜੇਕਰ ਬੋਝ ਪੇਂਦੇ ਵਾਲੇ ਭਾਗ ਵਿਚ ਰਖਿਆ ਜਾਵੇ ਤਾਂ ਬੇੜੀ ਡੋਲਦੀ ਨਹੀਂ, ਸਗੋਂ ਸਥਿਰ

[25] -ਉਹੀ, 'ਕਾਠ ਦੀ ਘੋੜੀ', ਪੰਨਾ 171-72.
[26] -ਉਹੀ, ਪੰਨਾ 173-74.

ਹੁੰਦੀ ਹੈ ਅਤੇ ਸਰਲ ਤੈਰਦੀ ਹੈ। ਸੋ ਮਨੁਖ ਵੀ ਇਕ ਬੇੜੀ ਵਾਂਗ ਹੈ, ਇਹ ਬਾਹਰੀ ਭਾਰਾਂ ਨਾਲ ਡੋਲਦਾ ਹੈ ਅਤੇ ਅੰਦਰੂਨੀ ਭਾਰਾਂ ਨਾਲ ਸਥਿਰ ਹੁੰਦਾ ਹੈ। ਉਹ ਲਿਖਦੇ ਹਨ, "ਉਪਰ ਦੇ ਭਾਰਾਂ ਨਾਲ ਹੁੰਦਾ ਕੀ ਹੈ, ਮਨ ਦੀ ਬੇੜੀ ਡੋਲ੍ਹਦੀ ਰਹਿੰਦੀ ਹੈ।....ਬਾਹਰ ਦੇ ਭਾਰਾਂ ਨਾਲ ਮਨ ਦੀ ਨੌਕਾ ਭਵ ਸਾਗਰ ਵਿਚ ਡੋਲ ਡੋਲ ਕੇ ਡੁਬ ਜਾਂਦੀ ਹੈ, ਤੇ ਜੇ ਇਸ ਬਰਅਕਸ ਅੰਦਰ ਪੇਂਦੇ ਵਿਚ ਤੁਸੀਂ ਕੁਛ ਭਰ ਲਿਆ ਹੈ, ਤਾਂ ਗੱਲ ਹੋਰ ਹੋ ਜਾਏਗੀ। ਮਨ ਦੀ ਬੇੜੀ ਦਾ ਵੀ ਥੱਲਾ ਹੈ, ਉਸ ਦਾ ਵੀ ਪੇਂਦਾ ਹੈ, ਉਸ ਨੂੰ ਗੁਰੂ ਬਾਬੇ ਨੇ 'ਤਲਹੀਅਲੁ' ਕਹਿਆ ਹੈ, ਅਰਥਾਤ ਹਿਰਦੇ ਦਾ ਤਲਵਾਂ ਹਿੱਸਾ।....ਫੇਰ ਐਸੀ ਦਸ਼ਾ ਵਾਲੀ ਮਨ ਦੀ ਬੇੜੀ ਡੋਲਦੀ ਨਹੀਂ। ਉਹ ਉਸ ਤਰ੍ਹਾਂ ਦੀ ਤਾਰੀ ਤਰਦੀ ਹੈ, ਜਿਸ ਤਰ੍ਹਾਂ ਹੰਸ ਮਾਨ ਸਰੋਵਰ ਵਿਚ ਤਰਦਾ ਹੈ।"[27] ਇਹ ਬੋਝਲ ਅਸਲ ਵਿਚ ਵਿਦਿਆ/ਗਿਆਨ ਹੈ। ਹਾਲਤ ਅੱਜ ਵੀ ਉਹੀ ਹੈ, ਮਨੁਖਾਂ ਨੇ ਗਿਆਨ ਦੀਆਂ ਗੱਲਾਂ ਨੂੰ ਕਰਮ-ਕਾਂਡ ਬਣਾ ਕੇ ਬਾਹਰ ਹੀ ਸੀਮਿਤ ਕਰ ਲਿਆ ਹੈ ਅੰਦਰ ਨਹੀਂ ਵਸਾਇਆ, ਜਿਸ ਕਾਰਨ ਗਿਆਨੀ ਹੁੰਦੇ ਹੋਏ ਵੀ ਉਸਦਾ ਜੀਵਨ ਡਗਮਗਾ ਰਿਹਾ ਹੈ। ਲੋੜ ਹੈ ਇਸ ਦਾ ਟਿਕਾਣਾ ਬਦਲਣ ਦੀ। ਕਿਉਂਕਿ ਧਾਰਮਿਕ ਸਿਖਿਆ/ਵਿਦਿਆ ਦਾ ਸਰੂਪ ਭਾਵੇਂ ਇਕ ਹੀ ਹੈ, ਪਰ ਟਿਕਾਣਾ ਬਦਲਣ ਨਾਲ ਇਹ ਦੋ ਪ੍ਰਕਾਰ ਦੀ ਹੋ ਜਾਂਦੀ ਹੈ। ਉਹੀ ਗਿਆਨ ਬੇਣੀ ਜੀ ਮਿਸ਼ਰ ਨੂੰ ਦੇ ਰਹੇ ਹਨ, "ਹਾਂ ਵਿਦਯਾ ਦੋ ਪ੍ਰਕਾਰ ਦੀ ਹੈ, ਇਕ ਪੇਟੇ ਦੀ ਦੂਜੀ ਪੇਂਦੇ ਦੀ। ਮੇਰੇ ਲਦੇ ਹੋਏ ਊਠ ਪੇਟੇ ਦੀ ਵਿਦਿਆ ਸੀ। ਪੇਂਦਾ ਖਾਲੀ ਸੀ। ਹੁਣ ਵਿਦਿਆ ਪੇਂਦੇ ਵਿਚ ਸਿੰਜਰ ਗਈ ਹੈ, ਉਥੇ ਉਹ ਪੁਸ਼ਤਕਾਂ ਦੀ ਸ਼ਕਲ ਵਿਚ ਨਹੀਂ ਉਸ ਨੇ ਸੂਖਮ ਵੇਸ ਧਾਰ ਲਿਆ ਹੈ। ਸੋ ਵਿਦਿਆ ਦੋ ਪ੍ਰਕਾਰ ਦੀ ਹੈ, ਪੇਟੇ ਦੀ ਤੇ ਪੇਂਦੇ ਦੀ। ਅਸਲੀਅਤ ਦੋਨਾਂ ਦੀ ਇਕੋ ਹੈ, ਪਰ ਟਿਕਾਣੇ ਦੇ ਭੇਦ ਕਰਕੇ ਦੋ ਪ੍ਰਕਾਰ ਦੀ ਹੋ ਜਾਂਦੀ ਹੈ। ਗੁਰੂ ਬਾਬਾ ਇਹੋ ਕਹਿੰਦਾ ਸੀ ਪੇਟ ਦਾ ਜਨੇਊ ਨਿਕੰਮਾ ਹੈ, ਜੀਅ ਦਾ ਜਨੇਊ ਧਾਰੋ, ਜੋ ਸੂਖਮ ਸਦਾਚਾਰ ਸਰੂਪ ਵਿਚ ਤੁਹਾਡੇ ਜੀਅ ਦੇ ਨਾਲ ਨਿਭੇ। ਉਹ ਵਿਦਿਆ ਜੋ ਪੇਟੇ ਵਿਚ ਬਾਹਰਲੇ ਕਾਰਣਾਂ ਕਰਕੇ 'ਕਰਮ ਕਾਂਡ' ਅਵਸਥਾ ਧਾਰਣ ਕਰਦੀ ਹੈ, ਉਹੋ ਵਿਦਿਆ ਪੇਂਦੇ ਵਿਚ ਸਿੰਜਰ ਕੇ ਭਾਵ ਰੂਪ ਹੋ ਜਾਂਦੀ ਹੈ। ਓਹੋ ਵਿਦਿਆ ਜੋ ਬਾਹਰ ਬੋਝਲ ਸੀ ਆਪਣਾ ਟਿਕਾਣਾ ਬਦਲਣ ਨਾਲ ਹਲਕੀ ਹੋ ਜਾਂਦੀ ਹੈ ਤੇ ਅਨੁਭਵ ਰੂਪ ਹੋ ਜਾਂਦੀ ਹੈ, ਅਨੁਰਾਗ ਰੂਪ ਹੋ ਜਾਂਦੀ ਹੈ ਤੇ ਕਿਸੇ ਦੀ ਮੇਹਰ ਦਾ ਸਦਕਾ ਨਾਮ ਰੂਪ ਹੋ ਜਾਂਦੀ ਹੈ, ਤੇ ਐਉਂ ਜੀਵਨ ਰੂਪ ਹੋ ਜਾਂਦੀ ਹੈ।"[28]

ਡਾ. ਬਲਬੀਰ ਸਿੰਘ ਦਾ ਲੇਖ **'ਆਬਦਾਰ ਮੋਤੀ'** ਇਕ ਇਤਿਹਾਸਕ ਵਾਕਿਆਤ ਬਾਰੇ ਹੈ, ਜਿਸ ਵਿਚ ਡਾ. ਬਲਬੀਰ ਸਿੰਘ ਨੇ ਭਾਈ ਗ਼ਨੀ ਖ਼ਾਂ ਤੇ ਨਬੀ ਖ਼ਾਂ ਦੇ ਗੁਰੂ ਪਿਆਰ ਦਾ ਵਰਣਨ ਕੀਤਾ ਹੈ। ਉਨ੍ਹਾਂ ਨੂੰ ਗੁਰੂ ਜੀ ਨੇ ਜੋ ਹੁਕਮਨਾਮਾ ਬਖ਼ਸ਼ਿਆ ਸੀ, ਉਸ ਦੀ ਕੀਮਤ ਉਹ ਹੀ ਜਾਣਦੇ ਸਨ। ਉਸ ਹੁਕਮਨਾਮੇ ਨੂੰ ਪਾ ਕੇ ਉਨ੍ਹਾਂ ਦੇ ਅੰਦਰ ਜੋ ਚਾਅ ਤੇ ਆਨੰਦ ਉਤਪੰਨ ਹੋਇਆ, ਉਸ ਦੀ ਅਨੋਖੀ ਤਸਵੀਰ ਡਾ. ਸਾਹਿਬ ਨੇ ਇਸ ਲੇਖ ਵਿਚ ਖਿਚੀ ਹੈ। ਇਸ ਗੌਰਵਮਈ ਗਾਥਾ ਵਿਚੋਂ ਗ਼ਨੀ ਖ਼ਾਂ ਦੀ ਧੀ ਦਾ ਕੁਝ ਹਾਲ ਸਾਂਝਾ ਕਰ ਲੈਂਦੇ ਹਾਂ। ਡਾ. ਸਾਹਿਬ ਲਿਖਦੇ ਹਨ, "ਉਹ (ਲੜਕੀ) ਘੜੀ ਘੜੀ ਉਸ (ਹੁਕਮਨਾਮੇ) ਨੂੰ ਚੁੰਮਦੀ ਸੀ। ਉਹ ਕਹਿੰਦੀ ਸੀ: ਅੱਬਾ ਜਾਨ! ਫੇਰ ਪੜ੍ਹਕੇ ਸੁਣਾਓ। ਪਿਉ ਉਹ ਕਾਗਜ਼ ਖੋਲ੍ਹਕੇ ਪੜ੍ਹਦਾ ਸੀ। ਕੁੜੀ ਫੇਰ ਉਸਦੇ ਹਥੋਂ ਲੈਕੇ ਚੁੰਮਦੀ, ਫੇਰ ਕਹਿੰਦੀ: ਅੱਬਾ ਜਾਨ ! ਇਕ ਵਾਰ ਫੇਰ ਪੜ੍ਹੋ। ਪਿਉ ਪੜ੍ਹਦਾ, ਕੁੜੀ ਫੇਰ ਕਾਗਜ਼ ਚੁੰਮਦੀ, ਫੇਰ ਕਹਿੰਦੀ..."[29] ਪਿਉ ਧੀ ਦੇ ਇਸ ਚਾਅ ਭਰੇ ਵਤੀਰੇ ਨੂੰ ਡਾ. ਸਾਹਿਬ ਨੇ ਕਈ ਵਾਰ ਦੁਹਰਾਇਆ ਹੈ। ਦੀਵਾ ਵੀ ਬੁਝ ਜਾਂਦਾ ਹੈ, ਪਰ ਪੜ੍ਹਨ-ਸੁਣਨ ਦਾ ਅਤੇ ਪਿਆਰ ਦੇਣ ਦਾ ਸਿਲਸਲਾ ਨਹੀਂ ਰੁਕਦਾ। ਲੰਮੇ ਸਿਲਸਲੇ ਪਿਛੋਂ ਕੁੜੀ ਪਿਤਾ ਨੂੰ ਸਵਾਲ ਕਰਦੀ ਹੈ, ਕਿ ਤੁਸੀਂ ਇਸ ਕਾਗਜ਼ ਨੂੰ ਕੀ ਕਰੋਂਗੇ ? ਜਵਾਬ ਕਮਾਲ ਦਾ ਹੈ, "ਬੇਟਾ, ਇਹ ਬੜੀ ਮੁਤਬੱਰਕ ਚੀਜ਼ ਹੈ। ਇਹ ਹੁਕਮਨਾਮਾ ਹੈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ। ਇਹ ਬੜੀ ਬਰਕਤ ਵਾਲੀ ਸ਼ੈ ਹੈ। ਮੈਂ ਏਸ ਨੂੰ ਜ਼ਬਾਨੀ ਯਾਦ ਕੀਤਾ ਹੈ। ਇਹ ਮੇਰੇ ਹਾਫਜ਼ੇ ਵਿਚ ਬੈਠ ਗਿਆ ਹੈ। ਮੇਰੀ ਰੂਹ ਵਿਚ ਹਲੂਲ ਹੋ ਗਿਆ ਹੈ ? ਮਰਕੇ ਵੀ ਇਹ ਮੇਰੇ ਨਾਲ ਹੋਵੇਗਾ- ਇਹ ਅਗੇ ਵੀ ਮੇਰੀ ਮਦਦ ਕਰੇਗਾ। ਤੈਨੂੰ ਪਤਾ ਹੈ, ਏਸ ਨਾਲ ਮੇਰਾ ਰੁਤਬਾ ਕੀ ਹੋ ਗਿਆ ਹੈ ? ਮੈਂ ਹੁਣ ਗ਼ਨੀ ਖਾਂ ਨਹੀਂ ਰਿਹਾ, ਮੈਂ ਹੁਣ ਕੁਛ ਹੋਰ ਹੋ ਜਾਣਾ ਹੈ।"[30] ਅਗੇ ਡਾ. ਸਾਹਿਬ ਗ਼ਨੀ ਖ਼ਾਂ ਦੇ ਕੁਛ ਹੋਰ ਹੋ ਜਾਣ ਦੀ ਗੱਲ ਕਰਦੇ ਹਨ, "ਓਹ (ਗੁਰੂ ਸਾਹਿਬ) ਕਹਿਣ ਲਗੇ: ਲਓ ਮੈਂ ਤੁਹਾਨੂੰ ਦੱਸਦਾ ਹਾਂ, ਤੁਸੀਂ ਕੀ ਹੋ ਗਏ ਹੋ। ਤੁਸੀਂ ਹੋ ਗਏ ਹੋ ਮੇਰੇ ਪੁਤ੍ਰ। ...ਆਪਣੀ ਕਲਮ ਨਾਲ ਲਿਖ ਦਿਤਾ, -ਗਨੀ ਖਾਂ ਨਬੀ ਖਾਂ ਸਾਨੂੰ ਪੁਤ੍ਰਾਂ ਤੋਂ ਵਧੀਕ ਪਿਆਰੇ ਹਨ-।"[31] ਪਿਤਾ ਦੇ ਮੂੰਹ ਤੋਂ ਇਹ ਗੱਲ ਸੁਣਨ ਨਾਲ ਧੀ ਦੇ ਅੰਦਰ ਜੋ ਹਲਚਲ ਹੋਈ, ਜੋ ਗੌਰਵ ਉਤਪੰਨ ਹੋਇਆ। ਉਸ ਨੂੰ ਜੇ ਕੋਈ ਸਿੱਖ ਚਿੰਤਕ ਬਿਆਨ ਕਰ

---

27 -ਉਹੀ, ਪੰਨਾ 179.

28 -ਉਹੀ, ਪੰਨਾ 184-85.

29 ਬਲਬੀਰ ਸਿੰਘ, ਡਾ., *ਲੰਮੀ ਨਦਰ,* 'ਆਬਦਾਰ ਮੋਤੀ', ਪੰਨਾ 141.

30 -ਉਹੀ, ਪੰਨਾ 142.

31 -ਉਹੀ, ਪੰਨਾ 144.

ਸਕਿਆ ਹੈ ਤਾਂ ਉਹ ਡਾ. ਬਲਬੀਰ ਸਿੰਘ ਹੀ ਹੈ। ਧੀ ਦੇ ਬੋਲ ਸਨ, "ਅੱਛਾ ਅੱਬਾਜਾਨ ਮੈਂ ਫੇਰ ਉਹਨਾਂ ਦੀ ਪੋਤੀ ਹੋ ਗਈ ਨਾ ? ਪੋਤੀ, ਪੋਤੀ।....ਕੁੜੀ ਗਾ ਰਹੀ ਸੀ–

**ਮੈਂ ਪੋਤੀ ਮੈਂ ਪੋਤੀ**

**ਮੈਂ ਆਬਦਾਰ ਮੋਤੀ,**

**ਮੈਂ ਜੋਤਿ ਸੰਗ ਜੋਤੀ**

**ਮੈਂ ਪੋਤੀ ਮੈਂ ਪੋਤੀ।**

**ਮੈਂ ਜਾਗਤੀ ਮੈਂ ਸੋਤੀ**

**ਮੈਂ ਬੈਠੀ ੳ ਖਲੋਤੀ,**

**ਮੈਂ ਆਬਦਾਰ ਮੋਤੀ।**

**ਮੈਂ ਮੋਤੀ ਮੋਤੀ ਮੈਂ ਮੋਤੀ।**"[32]

ਗ਼ਨੀ ਖ਼ਾਂ ਨਬੀ ਖਾਂ ਦੁਆਰਾ ਮੰਜਾ ਚੁਕਣ ਦੇ ਵਾਕਿਆਤ ਦੀ ਵਿਆਖਿਆ ਵੀ ਡਾ. ਸਾਹਿਬ ਨੇ ਕਮਾਲ ਕੀਤੀ ਹੈ। ਉਹ ਇਸ ਨੂੰ ਮੰਜੀ ਤੇ ਮਸੰਦ ਪ੍ਰਥਾ ਦਾ ਅੰਤ ਮੰਨਦੇ ਹਨ। ਉਹ ਲਿਖਦੇ ਹਨ, "ਗੁਰੂਘਰ ਦੇ ਦੁਨੀਆਂ ਨੂੰ ਮੰਜੀਆਂ ਦੇਂਦੇ ਆਏ ਹਨ, ਮਸਨਦਾਂ ਬਖ਼ਸ਼ਦੇ ਆਏ ਹਨ। ਇਨ੍ਹਾਂ ਬਖ਼ਸ਼ਸ਼ਾਂ ਨਾਲ ਹੀ ਜੋ ਮਸਨਦਾਂ ਤੇ ਬੈਠਣ ਵਾਲੇ ਸਨ ਮਸੰਦ ਕਹਾਏ। ਅਯੋਗ ਪੁਰਸ਼ ਮੰਜੇ ਤੇ ਬੈਠਕੇ, ਬੈਠਣ ਗੋਚਰਾ ਹੀ ਹੋ ਜਾਂਦਾ ਹੈ। ਉਹ ਬੈਠ ਹੀ ਜਾਂਦਾ ਹੈ, ਉਸ ਦੀ ਮਤਿ ਬੈਠ ਜਾਂਦੀ ਹੈ। ਉਹ ਬੈਠਾ ਸੌਂ ਜਾਂਦਾ ਹੈ। ਅਸੀਂ ਸੁੱਤਿਆਂ ਨੂੰ ਜਗਾਉਣਾ ਚਾਹੁੰਦੇ ਹਾਂ, ਬੈਠਿਆਂ ਨੂੰ ਉਠਾਉਣ ਆਏ ਹਾਂ। ਅਸਾਂ ਤੁਹਾਨੂੰ ਬੈਠਣ ਲਈ ਕੋਈ ਮੰਜਾ ਨਹੀਂ ਦਿਤਾ, ਚੁੱਕਣ ਲਈ ਦਿੱਤਾ ਸੀ। ਮਨਸਦ ਉਪਰ ਬੈਠਣ ਵਾਲਾ ਸੁਸਤ ਆਦਮੀ ਮੰਜੇ ਦਾ ਭਾਰ ਹੋ ਜਾਂਦਾ ਹੈ। ਚੁੱਕਣ ਵਾਲਾ ਭਾਰ ਚੁੱਕਣ ਦੇ ਯੋਗ ਹੋ ਜਾਂਦਾ ਹੈ, ਸ਼ਕਤੀਵਾਨ ਹੋ ਜਾਂਦਾ ਹੈ। ਪਰ ਏਸ ਸ਼ਕਤੀ ਨੂੰ ਜਰਨਾ ਤੇ ਜਰ ਕੇ ਸਫਲ ਕਰਨਾ ਧਰਮ ਹੈ; ਜੋ ਜਰਦਾ ਹੈ ਉਹ ਹਲਕਾ ਫੁੱਲ ਹੋ ਜਾਂਦਾ ਹੈ। ਉਹ ਦੁਨੀਆਂ ਦੇ ਬੰਧਨ ਕੱਟ ਦੇਂਦਾ ਹੈ"।[33]

ਉਕਤ ਕੁਝ ਵਿਆਖਿਆਵਾਂ ਦੀ ਰੌਸ਼ਨੀ ਵਿਚ ਕਿਹਾ ਜਾ ਸਕਦਾ ਹੈ ਡਾ. ਬਲਬੀਰ ਸਿੰਘ ਦੀ ਕਥਾ-ਕਹਾਣੀਆਂ ਤੇ ਘਟਨਾਵਾਂ ਨੂੰ ਸਮਝਣ ਦੀ ਦ੍ਰਿਸ਼ਟੀ ਹੀ ਵਖਰੀ ਸੀ। ਉਨ੍ਹਾਂ ਦੀ ਦ੍ਰਿਸ਼ਟੀ ਕਿਸੇ ਘਟਨਾ ਦੇ ਉਨ੍ਹਾਂ ਪੱਖਾਂ ਨੂੰ ਉਜਾਗਰ ਕਰਨ ਦੇ ਸਮਰਥ ਸੀ, ਜਿਨ੍ਹਾਂ ਉਪਰ ਕਿਸੇ ਹੋਰ ਦੀ ਨਜ਼ਰ ਨਹੀਂ ਸੀ ਪਹੁੰਚ ਸਕਦੀ। ਉਨ੍ਹਾਂ ਦੀ ਹਰ ਲਿਖਤ ਵਿਚੋਂ ਉਨ੍ਹਾਂ ਦੀ ਸਿਧਾਂਤਕ ਸੂਝ-ਬੂਝ ਦੇ ਦਰਸ਼ਨ ਹੋ ਜਾਂਦੇ ਹਨ। ਅੰਤ ਵਿਚ ਮੈਂ ਇਹ ਹੀ ਕਹਿਣਾ ਚਾਹਾਂਗਾ ਕਿ ਉਨ੍ਹਾਂ ਦੀਆਂ ਲਿਖਤਾਂ ਸਾਹਿਤ ਅਤੇ ਧਰਮ, ਦੋਵਾਂ ਖੇਤਰਾਂ ਦੇ ਵਿਦਿਆਰਥੀਆਂ ਲਈ ਮੁਲਵਾਨ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਡਾ. ਬਲਬੀਰ ਸਿੰਘ ਨੂੰ ਜ਼ਰੂਰ ਪੜ੍ਹਨ।

32 -ਉਹੀ, ਪੰਨਾ 145.

33 -ਉਹੀ, ਪੰਨਾ 147.